# ਔਰਤਾਂ ਦੀ ਗੁਲਾਮੀ ਦਾ ਆਰਥਿਕ ਅਧਾਰ



ਸੀਤਾ

www.punjabilibrary.com

# ਔਰਤਾਂ ਦੀ ਗ਼ੁਲਾਮੀ

# ਦਾ

# ਆਰਥਿਕ ਆਧਾਰ

ਲੇਖਕ : ਸੀਤਾ



ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ

(ਪੰਜਾਬੀ ਵਿਭਾਗ, ਰਾਹੁਲ ਫਾਊਂਡੇਸ਼ਨ, ਲਖਨਊ)

www.punjabilibrary.com

ਪਹਿਲਾ ਐਡੀਸ਼ਨ -- ਅਕਤੂਬਰ, 2016
ਦੂਸਰਾ ਐਡੀਸ਼ਨ -- ਮਈ, 2017

ਪ੍ਰਕਾਸ਼ਕ : **ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ**
(ਪੰਜਾਬੀ ਵਿਭਾਗ, ਰਾਹੁਲ ਫਾਉਂਡੇਸ਼ਨ-ਲਖਨਊ)

ਪਤਾ — ਸ਼ਹੀਦ ਭਗਤ ਸਿੰਘ ਭਵਨ, ਸੀਲੋਆਣੀ ਰੋਡ,
ਰਾਏਕੋਟ, ਜ਼ਿਲ੍ਹਾ-ਲੁਧਿਆਣਾ 141109
ਫੋਨ ਨੰ. 098155-87807.
ਈਮੇਲ : janchetnapb@gmail.com

ਮੁੱਖ ਦਫਤਰ — 69, ਬਾਬਾ ਕਾ ਪੁਰਬਾ, ਪੇਪਰਮਿਲ ਰੋਡ,
ਨਿਸ਼ਾਤਗੰਜ, ਲਖਨਊ-226006

ਛਾਪਕ : ਆਰਨਾ ਪ੍ਰਿੰਟਿੰਗ ਪ੍ਰੈੱਸ, ਫੋਕਲ ਪੁਆਂਇੰਟ, ਪਟਿਆਲਾ

**ਕੀਮਤ : 10 ਰੁਪਏ**


www.punjabilibrary.com

# ਔਰਤਾਂ ਦੀ ਗੁਲਾਮੀ ਦਾ ਆਰਥਿਕ ਅਧਾਰ

ਅਕਸਰ ਕਿਸੇ ਮਰਦ ਨੂੰ ਪੁੱਛੋਂ ਕਿ ਉਸ ਦੀ ਪਤਨੀ ਕੀ ਕਰਦੀ ਹੈ ਤਾਂ ਉਹ ਇੱਕਦਮ ਕਹੇਗਾ ਕਿ "ਜੀ, ਬਸ ਕੁੱਝ ਨਹੀਂ, ਬਸ ਘਰ ਹੀ ਹੁੰਦੀ ਹੈ।"... ਤੇ ਅਸੀਂ ਵੀ ਇਸ ਗੱਲ ਨੂੰ ਬੜੀ ਸਹਿਜਤਾ ਨਾਲ਼ ਲੈਂਦੇ ਹਾਂ ਕਿ ਕੁੱਝ ਨਹੀਂ ਕਰਦੀ। ਇੱਕ ਔਰਤ ਜੋ ਅਪਣੇ ਮਰਦ ਨਾਲ਼ੋਂ ਦੂਣਾ ਕੰਮ ਕਰਦੀ ਹੈ, ਜਿਸਦੀ ਮਿਹਨਤ ਨਾਲ਼ ਘਰ-ਪਰਿਵਾਰ ਚਲਦਾ ਹੈ, ਪੀੜ੍ਹੀਆਂ ਅਗਾਂਹ ਵਧਦੀਆਂ ਹਨ, ਜੋ ਘਰ ਦੇ ਸਭ ਜੀਆਂ ਦੇ ਸੁੱਤੇ ਪਿਆਂ ਉੱਠਦੀ ਹੈ ਤੇ ਸਭ ਤੋਂ ਪਿੱਛੋਂ ਸੌਂਦੀ ਹੈ, ਯਾਨੀ ਜੋ ਔਸਤਨ 12 ਤੋਂ 14 ਘੰਟੇ ਕੰਮ ਕਰਦੀ ਹੈ— ਉਸ ਬਾਰੇ ਅਸੀਂ ਬੜੀ ਸਹਿਜਤਾ ਨਾਲ਼ ਕਹਿੰਦੇ ਹਾਂ "ਕੁੱਝ ਨਹੀਂ ਕਰਦੀ"। ਅਜਿਹਾ ਕਿਉਂ ? ਸਾਰਾ ਦਿਨ ਰੁੱਝੇ ਰਹਿਣ ਵਾਲ਼ੇ ਇਨਸਾਨ ਬਾਰੇ ਇਹ ਰਵੱਈਆ ਕਿਉਂ ? ਕਿਉਂ ਉਸ ਦੀ ਕਿਰਤ ਨੂੰ ਮਾਨਤਾ ਮਿਲਣ ਦੀ ਬਜਾਏ ਉਸ ਨੂੰ ਦੂਸਰੇ ਦਰਜੇ ਦੀ ਨਾਗਰਿਕਤਾ ਤੇ ਮਰਦ ਦੀ ਗੁਲਾਮੀ ਮਿਲ਼ਦੀ ਹੈ। ਪੈਰ-ਪੈਰ 'ਤੇ ਉਸਨੂੰ ਇਹ ਅਹਿਸਾਸ ਕਰਵਾਇਆ ਜਾਂਦਾ ਹੈ ਕਿ ਉਹ ਖੁਦ ਕੁੱਝ ਨਹੀਂ ਹੈ ਸਗੋਂ ਮਰਦ ਦੇ ਮੋਢਿਆਂ ਉੱਤੇ ਇੱਕ ਬੋਝ ਹੈ ਜਿਸ ਨੂੰ ਮਰਦ ਨੂੰ ਉਮਰ ਭਰ ਲਈ ਖੁਆਉਣਾ ਪੈਂਦਾ ਹੈ। ਜੋ ਖੁਦ ਤਾਂ ਉਮਰ ਭਰ ਕਮਾਉਂਦੀ ਨਹੀਂ ਸਗੋਂ ਖਰਚ ਹੀ ਕਰਦੀ ਹੈ। ਇਸੇ ਲਈ ਮਰਦ ਨੂੰ ਹੱਕ ਹੈ ਕਿ ਉਹ ਔਰਤ ਨੂੰ ਦਾਸੀ ਬਣਾ ਕੇ ਰੱਖੇ ਤੇ ਔਰਤ ਦਾ ਇਹ ਫਰਜ਼ ਹੈ ਕਿ ਉਹ ਹਰ ਜਬਰ-ਜੁਲਮ ਨੂੰ ਬਿਨਾਂ ਸੀਂ ਕੀਤੇ ਸਹਿਜ-ਸੁਭਾ ਨਾਲ਼ ਜਰੇ। ਇਹ ਸਿਰਫ ਸਾਡੇ ਭਾਰਤੀ ਸਮਾਜ ਵਿੱਚ ਹੀ ਨਹੀਂ ਸਗੋਂ ਦੁਨੀਆਂ ਭਰ ਵਿੱਚ ਪ੍ਰਵਾਨ ਕੀਤੀ ਜਾਂਦੀ ਸੋਚ ਹੈ, ਇੱਕ ਮਾਨਤਾ ਹੈ, ਪ੍ਰੰਪਰਾ ਹੈ। ਇਹ ਸੋਚਾਂ ਪ੍ਰੰਪਰਾਵਾਂ ਉਂਝ ਹੀ ਨਹੀਂ ਪੈਦਾ ਹੋ ਜਾਂਦੀਆਂ। ਇਹਨਾਂ ਦੇ ਪੈਦਾ ਹੋਣ ਦੇ ਪਦਾਰਥਕ ਕਾਰਨ ਹੁੰਦੇ ਹਨ। ਇਹ ਪਦਾਰਥਕ ਕਾਰਨ ਮੌਜੂਦ ਹੁੰਦੇ ਹਨ ਸਮਾਜ ਦੇ ਨਿਸ਼ਚਿਤ ਆਰਥਿਕ ਅਧਾਰ ਵਿੱਚ ਤੇ ਉਸੇ ਮੁਤਾਬਕ ਬਣਦੇ, ਢਲ਼ਦੇ ਤੇ ਬਦਲਦੇ ਰਹਿੰਦੇ ਹਨ। ਇਸੇ ਲਈ ਔਰਤ ਪ੍ਰਤੀ ਇਸ ਸੋਚ, ਇਸ ਪ੍ਰੰਪਰਾ ਦੀਆਂ ਜੜ੍ਹਾਂ ਵੀ ਇਸ ਸਮਾਜ ਦੀ ਆਰਥਕਤਾ ਵਿੱਚੋਂ ਹੀ ਲੱਭਣਗੀਆਂ।

ਪਰ ਅਸੀਂ ਵੇਖਦੇ ਹਾਂ ਕਿ ਅਕਸਰ ਔਰਤ ਦੀ ਗੁਲਾਮੀ ਦੀ ਚਰਚਾ ਕਰਦੇ ਹੋਏ ਔਰਤ ਮੁਕਤੀ ਲਹਿਰ ਦੀਆਂ ਵੱਖ-ਵੱਖ ਧਰਾਵਾਂ ਵੱਲੋਂ, ਸੁਭਾਵਕ ਹੀ, ਨਾਰੀ ਸਮੱਸਿਆ ਦੇ ਸਮਾਜਕ, ਸਰੀਰਕ ਤੇ ਭਾਵਨਾਤਮਕ ਪੱਖਾਂ ਉੱਤੇ ਵੱਧ ਜ਼ੋਰ ਦਿੱਤਾ ਜਾਂਦਾ ਹੈ ਤੇ ਇਹਨਾਂ ਸਮੱਸਿਆਵਾਂ ਨੂੰ ਪੈਦਾ ਕਰਨ ਵਾਲ਼ੇ ਆਰਥਿਕ ਅਧਾਰ ਵੱਲ ਘੱਟ। ਕਿਉਂਕਿ ਔਰਤ ਉੱਤੇ ਕੀਤੇ ਜਾਣ ਵਾਲ਼ੇ ਅੱਤਿਆਚਾਰਾਂ ਦੀ ਲੰਬੀ ਸੂਚੀ ਵਿੱਚ ਸਰੀਰਕ ਜੁਰਮ ਤੇ ਲੁੱਟ, ਭਾਵਨਾਤਮਕ ਪੀੜਾਂ ਤੇ ਸਮਾਜਕ ਅਨਿਆਂ ਤੇ ਭੇਦ-ਭਾਵ ਦੀਆਂ ਉਦਾਹਰਨਾਂ ਦੀ ਸੰਖਿਆ ਬਹੁਤ ਲੰਮੀ ਅਤੇ ਪ੍ਰਤੱਖ ਹੁੰਦੀ ਹੈ,


www.punjabilibrary.com

ਜਦੋਂ ਕਿ ਆਰਥਕ ਪੱਖ ਬੁਨਿਆਦੀ ਹੁੰਦੇ ਹੋਏ ਵੀ ਅਪ੍ਰਤੱਖ ਤੇ ਲੁਕਵਾਂ ਹੁੰਦਾ ਹੈ। ਇਸੇ ਲਈ ਔਰਤ ਦੀ ਗੁਲਾਮੀ ਦੇ ਇਸ ਮੁੱਖ ਕਾਰਨ ਵੱਲ ਧਿਆਨ ਘੱਟ ਦਿੱਤਾ ਜਾਂਦਾ ਹੈ ਸਮਾਜਕ ਮਾਨਤਾਵਾਂ ਤੇ ਪ੍ਰੰਪਰਾਵਾਂ ਵੱਲ ਵੱਧ। ਔਰਤ ਗ਼ੁਲਾਮੀ ਦੇ ਆਰਥਕ ਅਧਾਰ ਨੂੰ ਸਮਝਣ ਲਈ ਚੇਤੰਨ ਕੋਸ਼ਿਸ਼ਾਂ ਦੀ ਲੋੜ ਹੈ ਤੇ ਇਸ ਨੂੰ, ਸਮਝਣਾ ਬੇਹੱਦ ਜ਼ਰੂਰੀ ਹੈ। ਇਸ ਤਰ੍ਹਾਂ ਹੀ ਅਸੀਂ ਔਰਤ ਦੀ ਗ਼ੁਲਾਮੀ ਦੇ ਸਮਾਜ ਵਿਚਲੇ ਆਧਾਰ ਨੂੰ ਖਤਮ ਕਰਨ ਦਾ ਰਾਹ ਤਲਾਸ਼ ਸਕਦੇ ਹਾਂ ਤੇ ਨਾਰੀ ਮੁਕਤੀ ਲਹਿਰ ਲਈ ਸਹੀ ਦਿਸ਼ਾ ਅਪਣਾ ਸਕਦੇ ਹਾਂ।

## ਔਰਤ ਦੀ ਸਮਾਜਕ ਪ੍ਰੀਭਾਸ਼ਾ

ਸਮਾਜ ਵਿੱਚ ਔਰਤ ਦੀ ਸਥਿਤੀ ਸਿਰਫ ਮਾਨਤਾਵਾਂ ਤੇ ਪ੍ਰੰਪਰਾਵਾਂ ਨਾਲ਼ ਹੀ ਨਿਰਧਾਰਤ ਨਹੀਂ ਹੋ ਜਾਂਦੀ। ਜਿਵੇਂ ਵੱਖ-ਵੱਖ ਵਰਗਾਂ ਅਤੇ ਤਬਕਿਆ ਦੀਆਂ ਸਮਾਜਿਕ ਸਥਿਤੀਆਂ ਦੇ ਨਿਸ਼ਚਤ ਅਧਾਰ ਹੁੰਦੇ ਹਨ ਉਸੇ ਤਰ੍ਹਾਂ ਵੱਖ-ਵੱਖ ਵਰਗਾਂ ਤੇ ਤਬਕਿਆਂ ਵਿੱਚ ਵੰਡੇ ਹੋਣ ਦੇ ਬਾਵਜੂਦ ਔਰਤਾਂ ਦੀ ਸਮਾਜਿਕ ਸਥਿਤੀ ਦਾ ਵੀ ਇੱਕ ਨਿਸ਼ਚਤ ਅਧਾਰ ਹੈ। ਇਸੇ ਅਧਾਰ ਤੋਂ ਹੀ ਔਰਤ ਦੀ ਗੁਲਾਮੀ ਦੇ ਵੱਖੋ-ਵੱਖਰੇ ਰੂਪਾਂ ਦਾ ਜਨਮ ਹੁੰਦਾ ਹੈ। ਔਰਤ ਦੀ ਸਮਾਜਕ ਚਰਚਾ ਕਰਦੇ ਵਕਤ ਅਸੀਂ ਕਿਸ ਔਰਤ ਦੀ ਗੱਲ ਕਰ ਰਹੇ ਹਾਂ ? ਔਰਤ ਸਰਮਾਏਦਾਰ ਹੋ ਸਕਦੀ ਹੈ (ਭਾਵੇਂ ਕਿ ਟਾਵੀਂ ਹੀ), ਖੇਤ ਜਾਂ ਕਾਰਖਾਨੇ ਦੀ ਮਜ਼ਦੂਰ ਹੋ ਸਕਦੀ ਹੈ, ਦਫ਼ਤਰ 'ਚ ਕੰਮ ਕਰਨ ਵਾਲ਼ੀ ਮੁਲਾਜ਼ਮ ਹੋ ਸਕਦੀ ਹੈ। ਪਰ ਸਰਮਾਏਦਾਰ, ਮਜ਼ਦੂਰ ਜਾਂ ਮੁਲਾਜ਼ਮ ਹੋਣ ਨਾਲ਼ ਔਰਤ ਪ੍ਰੀਭਾਸ਼ਤ ਨਹੀਂ ਹੁੰਦੀ। ਸਰਮਾਏਦਾਰ ਤੇ ਮਜ਼ਦੂਰਾਂ ਦੀਆਂ ਸਮਾਜਕ ਹਾਲਤਾਂ ਤੇ ਉਹਨਾਂ ਦੇ ਆਰਥਕ ਅਧਾਰਾਂ ਦਾ ਵਿਸ਼ਲੇਸ਼ਣ ਔਰਤ ਤੇ ਮਰਦ ਦੇ ਜ਼ਿਕਰ ਤੋਂ ਬਿਨਾਂ ਹੀ ਮੁਕੰਮਲ ਤੌਰ 'ਤੇ ਕੀਤਾ ਜਾ ਸਕਦਾ ਹੈ। ਜੋ ਪੈਦਾਵਾਰੀ ਸਾਧਨਾਂ ਦਾ ਮਾਲਕ ਹੈ ਉਹ ਸਰਮਾਏਦਾਰ ਹੈ। ਜਿਸ ਕੋਲ਼ ਪੈਦਾਵਾਰ ਦਾ ਕੋਈ ਸਾਧਨ ਨਹੀਂ ਤੇ ਜਿਸ ਨੂੰ ਅਪਣੀ ਰੋਜ਼ੀ ਰੋਟੀ ਲਈ ਅਪਣੀ ਕਿਰਤ ਸ਼ਕਤੀ ਵੇਚਣੀ ਪੈਂਦੀ ਹੈ ਉਹ ਮਜ਼ਦੂਰ ਜਾਂ ਮੁਲਾਜਮ ਹੈ। ਇਸ ਤਰ੍ਹਾਂ ਦੀ ਪ੍ਰੀਭਾਸ਼ਾ ਲੱਭੀਏ ਤਾਂ ਔਰਤ ਕੌਣ ਹੈ ?

ਔਰਤ ਦੀ ਸਮਾਜਕ ਪ੍ਰੀਭਾਸ਼ਾ ਪਰਿਵਾਰ ਨਾਂ ਦੀ ਸੰਸਥਾ ਨਾਲ਼ ਜੁੜੀ ਹੋਈ ਹੈ। ਪਰਿਵਾਰ ਵਿੱਚ ਚੀਜ਼ਾਂ ਦੀ ਪੈਦਾਵਾਰ ਵੀ ਹੁੰਦੀ ਹੈ ਤੇ ਲੋਕ ਵੀ ਪੈਦਾ ਹੁੰਦੇ ਹਨ। ਇਹਨਾਂ ਦੋਹਾਂ ਕਿਸਮਾਂ ਦੀ ਪੈਦਾਵਾਰ ਵਿੱਚ ਚੁੱਲ੍ਹਾ-ਚੌਂਕਾ, ਝਾੜੂ-ਪੋਚਾ ਅਤੇ ਬੱਚੇ ਜੰਮਣ ਤੇ ਪਾਲਣ-ਪੋਸ਼ਣ ਵਿੱਚ ਅੰਤਾਂ ਦੀ ਮਿਹਨਤ ਲਗਦੀ ਹੈ ਤੇ ਇਹ ਲੱਕ ਤੋੜ ਮਿਹਨਤ ਔਰਤਾਂ ਦੇ ਜ਼ਿੰਮੇ ਲਗਦੀ ਹੈ। ਇਹ ਠੀਕ ਹੈ ਕਿ ਕਦੇ ਆਦਮੀ ਵੀ ਹੱਥ ਵਟਾ ਦੇਂਦਾ ਹੈ। ਚੇਤਨਾ ਦੇ ਵਧਣ ਨਾਲ ਹੱਥ ਵਟਾਉਣ ਦੀ ਇਹ ਮਾਤਰਾ ਵੀ ਵਧਦੀ ਜਾਂਦੀ ਹੈ। ਫਿਰ ਵੀ ਅੱਜ ਭਾਰਤ ਵਰਗੇ ਪਛੜੇ ਦੇਸ਼ ਵਿੱਚ ਹੀ ਨਹੀਂ ਸਗੋਂ ਪੂਰੀ ਦੁਨੀਆਂ ਵਿੱਚ ਸੱਚਾਈ ਇਹ ਹੈ ਕਿ ਘਰ ਦਾ ਕੰਮ ਔਰਤ ਦੀ ਮਿਹਨਤ ਨਾਲ ਹੀ ਚਲਦਾ ਹੈ ਤੇ ਇਸ ਕੰਮ ਨੂੰ ਘਟੀਆ ਕੰਮ ਵਜੋਂ ਹੀ ਲਿਆ ਜਾਂਦਾ ਹੈ।


www.punjabilibrary.com

ਆਦਮੀ ਦਾ ਘਰ ਦੇ ਕੰਮ ਵਿੱਚ ਹੱਥ ਵਟਾਉਣਾ ਛੋਟ ਵਜੋਂ ਹੀ ਹੈ। ਔਰਤ ਜੋ ਬਾਹਰ ਨੌਕਰੀ ਕਰਦੀ ਹੈ ਤਾਂ ਇਹ ਉਸਦਾ ਵਾਧੂ ਕੰਮ ਹੈ। ਘਰ ਦਾ ਕੰਮ ਫਿਰ ਵੀ ਉਸ ਦੀ ਮੁੱਖ ਜ਼ਿੰਮੇਵਾਰੀ ਰਹਿੰਦਾ ਹੈ। ਸੋ ਸਮਾਜਕ ਪ੍ਰੀਭਾਸ਼ਾ ਦੇ ਤੌਰ 'ਤੇ ਜੇ ਲੈਣਾ ਹੋਇਆ ਤਾਂ ਔਰਤ ਉਹ ਪ੍ਰਾਣੀ ਹੈ ਜਿਸ ਦੀ ਮਿਹਨਤ ਨਾਲ਼ ਘਰ ਪਰਿਵਾਰ ਚੱਲਦਾ ਹੈ, ਟੱਬਰ ਅਗਾਂਹ ਵਧਦਾ ਹੈ।

ਬੇਸ਼ਕ ਔਰਤ ਦੀ ਮਿਹਨਤ ਨਾਲ਼ ਘਰ ਪਰਿਵਾਰ ਚੱਲਦਾ ਹੈ ਤੇ ਪੀੜ੍ਹੀਆਂ ਅਗਾਂਹ ਵਧਦੀਆਂ ਹਨ, ਪਰ ਫੇਰ ਵੀ ਉਸ ਦੇ ਕੰਮ ਨੂੰ ਘਟੀਆ ਤੇ ਖ਼ੁਦ ਉਸ ਨੂੰ ਦੂਸਰੇ ਦਰਜੇ ਦਾ ਨਾਗਰਿਕ ਮੰਨਿਆ ਜਾਂਦਾ ਹੈ। ਅਜਿਹਾ ਕਿਉਂ ? ਕੀ ਅਜਿਹਾ ਮੁੱਢ ਕਦੀਮ ਤੋਂ ਹੀ ਸੀ ? ਜੇ ਅਜਿਹਾ ਮੁੱਢ ਕਦੀਮ ਤੋਂ ਨਹੀਂ ਸੀ ਤਾਂ ਫੇਰ ਮਨੁੱਖੀ ਇਤਿਹਾਸ ਵਿੱਚ ਅਜਿਹਾ ਕੀ ਤੇ ਕਦੋਂ ਵਾਪਰਿਆ ਜਿਸ ਨੇ ਔਰਤ ਨੂੰ ਅਧੀਨਗੀ ਦੀ ਤੇ ਦੂਸਰੇ ਦਰਜੇ ਦੀ ਨਾਗਰਿਕਤਾ 'ਚ ਲੈ ਜਾ ਸੁੱਟਿਆ। ਅਸੀਂ ਦੇਖਿਆ ਹੈ ਕਿ ਔਰਤ ਦੀ ਅਧੀਨਗੀ, ਉਸ ਦੀ ਗੁਲਾਮੀ ਰੂਪਮਾਨ ਹੁੰਦੀ ਹੈ ਟੱਬਰ ਜਾਂ ਪਰਿਵਾਰ ਨਾ ਦੀ ਸੰਸਥਾ ਅੰਦਰ। ਇੰਝ ਔਰਤ ਦੀ ਗੁਲਾਮੀ ਦੇ ਲੰਬੇ ਸਫਰ ਨੂੰ ਵੇਖਣ ਲਈ ਸਾਨੂੰ ਸਮਾਜ ਦੇ ਇਤਿਹਾਸਕ ਵਿਕਾਸ-ਕ੍ਰਮ ਦੌਰਾਨ ਵਾਪਰੇ ਟੱਬਰ ਦੇ ਇਤਿਹਾਸਕ ਵਿਕਾਸ-ਕ੍ਰਮ ਨੂੰ ਵੇਖਣਾ-ਜਾਂਚਣਾ ਪਵੇਗਾ। ਮਤਲਬ ਇਹ ਕਿ ਔਰਤ ਦੀ ਹੋਣੀ ਨੂੰ ਜਾਨਣ ਲਈ ਬੇ-ਹੱਦ ਜ਼ਰੂਰੀ ਹੈ ਇਸ ਗੱਲ ਨੂੰ ਜਾਨਣਾ ਕਿ ਮੱਨੁਖੀ ਇਤਿਹਾਸ ਦੇ ਵਿਕਾਸ ਦੌਰਾਨ ਟੱਬਰ ਦੀ ਉਤਪਤੀ, ਨਿੱਜੀ ਜਾਇਦਾਦ ਦੇ ਨਾਲ਼ੋ-ਨਾਲ਼ ਹੁੰਦੀ ਹੈ। ਉਦੋਂ ਤੋਂ ਲੈ ਕੇ ਹੁਣ ਤੱਕ ਟੱਬਰ ਇੱਕ ਸਰਗਰਮ ਅਮਲ ਦੀ ਪ੍ਰਤੀਨਿਧਤਾ ਕਰਦਾ ਹੈ। ਇਹ ਕਦੇ ਅਹਿੱਲ ਨਹੀਂ ਰਹਿੰਦਾ। ਜਿਓਂ ਜਿਓਂ ਸਮਾਜ ਨੀਵੀਂ ਤੋਂ ਉਚੇਰੀ ਸਥਿਤੀ ਵੱਲ ਵਧਦਾ ਹੈ ਤਿਓਂ, ਤਿਓਂ ਟੱਬਰ ਨੀਵੇਂ ਤੋਂ ਉਚੇਰੇ ਰੂਪ ਵੱਲ ਵਧਦਾ ਹੈ ਤੇ ਇਸ ਦੇ ਨਾਲ਼ ਹੀ ਜੁੜੀ ਹੋਈ ਤੁਰਦੀ ਹੈ ਔਰਤ ਦੀ ਹੋਣੀ।

## ਟੱਬਰ ਦਾ ਮੁੱਢ ਤੇ ਵਿਕਾਸ

ਸਭ ਤੋਂ ਪਹਿਲਾਂ ਅਸੀਂ ਪਹੁੰਚਦੇ ਹਾਂ ਉਸ ਦੌਰ 'ਚ ਜਿੱਥੇ ਮੱਨੁਖ ਜਾਨਵਰ ਦੇ ਪੱਧਰ ਨਾਲ਼ੋਂ ਕੁਝ ਹੀ ਉੱਪਰ ਉੱਠਿਆ ਸੀ। ਇੱਥੇ ਮੱਨੁਖਾਂ ਦਰਮਿਆਨ ਟੱਬਰ ਦੀ ਕੋਈ ਹੋਂਦ ਨਹੀਂ ਹੈ। ਇੱਥੇ ਅਸੀਂ ਵੇਖਦੇ ਹਾਂ ਕਿ ਮੱਨੁਖ ਟੋਲੀਆਂ ਦੇ ਰੂਪ 'ਚ ਰਹਿੰਦੇ ਹਨ। ਮਰਦਾਂ ਦੀ ਪੂਰੀ ਦੀ ਪੂਰੀ ਟੋਲੀ ਪਰਸਪਰ ਰੂਪ ਵਿੱਚ ਔਰਤਾਂ ਦੀ ਪੂਰੀ ਦੀ ਪੂਰੀ ਟੋਲੀ ਨਾਲ਼ ਵਿਆਹੀ ਹੋਈ ਹੈ। ਯਾਨੀ ਇਸ 'ਚ ਖੁੱਲੇ ਲਿੰਗ ਸਬੰਧ ਸਨ। ਇਸ ਪੂਰੀ ਟੋਲੀ ਦੇ ਬੱਚੇ ਸਾਂਝੇ ਹਨ। ਸਾਰੇ ਮਰਦ ਬਾਪ ਹਨ ਤੇ ਸਾਰੀਆਂ ਔਰਤਾਂ ਮਾਂਵਾ ਹਨ ਤੇ ਉਹ ਸਾਰੇ ਬੱਚਿਆਂ ਲਈ ਇੱਕ ਹੀ ਤਰ੍ਹਾਂ ਫ਼ਰਜ ਨਿਭਾਉਦੇ ਹਨ। ਇੱਥੇ ਬੱਚਿਆਂ ਦੇ ਬਾਪ ਦੀ ਕੋਈ ਪਛਾਣ ਨਹੀਂ ਹੈ। ਬੱਚੇ ਮਾਂ ਤੋਂ ਪਛਾਣੇ ਜਾਂਦੇ ਹਨ ਤੇ ਇਓਂ ਹੌਲ਼ੀ ਹੌਲ਼ੀ ਮਾਤਰੀ ਲੀਹ ਵਿਕਸਤ ਹੋ ਰਹੀ ਹੈ। ਇਹਨਾਂ ਟੋਲੀਆਂ ਦੀ ਰੋਜ਼ੀ ਰੋਟੀ ਦਾ ਵਸੀਲਾ ਕੰਦ-ਮੂਲ ਇੱਕਠਾ ਕਰਨਾ ਤੇ ਸ਼ਿਕਾਰ ਕਰਨਾ ਹੈ ਜਿਸ ਨੂੰ ਇਹ ਲੋਕ ਮਿਲ਼ ਕੇ ਹਾਸਲ ਕਰਦੇ ਹਨ ਤੇ ਮਿਲ਼ ਕੇ ਖਾਂਦੇ ਹਨ। ਇੰਝ ਕੰਦ-ਮੂਲ ਤੇ ਸ਼ਿਕਾਰ ਹਾਸਲ ਕਰਨਾ ਹੀ ਇਸ ਯੁੱਗ


www.punjabilibrary.com

ਦੀ ਆਰਥਿਕਤਾ ਹੈ। ਇੱਥੇ ਕੋਈ ਕਿਸੇ ਦੇ ਅਧੀਨ ਨਹੀਂ ਹੈ ਤੇ ਨਾ ਹੀ ਕੋਈ ਕਿਰਤ ਦੀ ਵੰਡ। ਸਭ ਕਾਮੇ ਹਨ ਤੇ ਸਭ ਬਰਾਬਰ ਹਨ।

ਹੁਣ ਮੱਨੁਖ ਆਪਣੇ ਵਿਕਾਸ-ਕ੍ਰਮ 'ਚ ਇੱਕ ਪੁਲਾਂਘ ਅੱਗੇ ਵਧਦਾ ਹੈ। ਹੁਣ ਉਸ ਕੋਲ ਸ਼ਿਕਾਰ ਕਰਨ ਤੇ ਕੰਦਮੂਲ ਇੱਕਠੇ ਕਰਨ ਲਈ ਮੁੱਢਲੇ ਕਿਸਮ ਦੇ ਹਥਿਆਰ ਜਿਵੇਂ ਤੀਰ ਕਮਾਨ, ਬਰਛੇ, ਹਥੌੜੇ ਤੇ ਚਾਕੂ ਵਗੈਰਾ ਹਨ। ਔਰਤਾਂ ਦੀ ਗਰਭ ਅਵਸਥਾ, ਬੱਚੇ ਜੰਮਣ ਤੇ ਦੁੱਧ ਚੁੰਘਾਉਣ ਦੇ ਕੰਮ ਨਾਲ਼ ਸ਼ਿਕਾਰ ਅਨੁਕੂਲ ਨਾ ਬੈਠਦਾ ਹੋਣ ਕਾਰਨ ਹੁਣ ਔਰਤਾਂ ਜ਼ਿਆਦਾ ਕੰਦਮੂਲ ਇੱਕਠਾ ਕਰਨ ਦਾ ਤੇ ਆਦਮੀ ਸ਼ਿਕਾਰ ਦਾ ਕੰਮ ਕਰਦੇ ਹਨ। ਹੁਣ ਇਹਨਾਂ ਕੰਮਾਂ 'ਚ ਇੱਕ ਹੱਦ ਤੱਕ ਦੀ ਮੁਹਾਰਤ ਆ ਚੁੱਕੀ ਹੈ। ਇਓਂ ਕਿਰਤ ਦੀ ਹਲਕੀ ਜਿਹੀ ਵੰਡ ਉਹਨਾਂ ਦਰਮਿਆਨ ਸ਼ੁਰੂ ਹੁੰਦੀ ਹੈ। ਬੇਸ਼ੱਕ ਇਹ ਕੋਈ ਪੱਕੀ ਵੰਡ ਨਹੀਂ ਹੈ। ਕਿਉਂਕਿ ਮਰਦ ਵੀ ਕੰਦਮੂਲ ਇੱਕਠਾ ਕਰਨ ਦਾ ਤੇ ਔਰਤਾਂ ਵੀ ਸ਼ਿਕਾਰ ਕਰਨ ਦਾ ਕੰਮ ਹਾਲੇ ਵੀ ਕਰਦੀਆਂ ਹਨ। ਇਹ ਸਮਾਜ ਜਿਸ ਨੂੰ ਕੰਦਮੂਲ ਇੱਕਠਾ ਕਰਨ ਵਾਲ਼ਾ ਤੇ ਸ਼ਿਕਾਰੀ ਸਮਾਜ ਕਿਹਾ ਜਾਂਦਾ ਹੈ, ਲਿੰਗ ਸਬੰਧਾ ਦੀ ਸਮਾਨਤਾ ਦਾ ਸਮਾਜ ਸੀ ਤੇ ਇਸ ਨੂੰ ਨਿੱਤ ਦੀ ਖੁਰਾਕ ਲਈ ਨਿੱਤ ਹੀ ਸੰਘਰਸ਼ ਕਰਨਾ ਪੈਂਦਾ ਸੀ।

ਮੱਨੁਖ ਨੇ ਅਪਣੇ ਵਿਕਾਸ 'ਚ ਅਗਲੀ ਪੁਲਾਂਘ ਇਹ ਭਰੀ ਕਿ ਸਹਿਗੋਤਰ ਟੱਬਰ ਹੋਂਦ 'ਚ ਆਏ ਤੇ ਇਹੋ ਹੀ ਟੱਬਰ ਦਾ ਮੁੱਢਲਾ ਰੂਪ ਸੀ। ਇੱਥੇ ਟੋਲੀ ਵਿਆਹ ਪੀੜੀਆਂ ਅਨੁਸਾਰ ਬੱਝੇ ਹੋਏ ਸਨ। ਯਾਨਿ ਸਭ ਦਾਦੇ, ਨਾਨੇ ਤੇ ਦਾਦੀਆਂ, ਨਾਨੀਆਂ ਟੱਬਰ ਦੀਆਂ ਹੱਦਾਂ ਅੰਦਰ ਪਤੀ-ਪਤਨੀ ਤੇ ਭੈਣ-ਭਰਾ ਹਨ ਤੇ ਇਸ ਤਰ੍ਹਾਂ ਉਹਨਾਂ ਦੀਆਂ ਔਲਾਦਾਂ ਵੀ। ਇਓਂ ਟੱਬਰ ਦੇ ਇਸ ਰੂਪ 'ਚ ਪਿਤਾ-ਪਿਤਾਮਾ ਤੇ ਉਹਨਾਂ ਦੀ ਔਲਾਦ ਤੇ ਅਗਾਂਹ ਉਹਨਾਂ ਦੇ ਬੱਚੇ ਇੱਕ ਦੂਜੇ ਨਾਲ਼ ਵਿਆਹ ਦੇ ਹੱਕਾਂ ਤੇ ਜ਼ਿੰਮੇਵਾਰੀਆਂ ਤੋਂ ਬਾਹਰ ਕਰ ਦਿੱਤੇ ਗਏ। ਹੌਲ਼ੀ ਹੌਲ਼ੀ ਚੇਤਨਤਾ ਦੇ ਵਿਕਾਸ ਨਾਲ਼ ਪਹਿਲਾਂ ਖ਼ੂਨ ਤੇ ਫਿਰ ਨੇੜਲਿਆਂ ਰਿਸ਼ਤਿਆਂ ਤੇ ਫਿਰ ਦੁਰੇਡੇ ਰਿਸ਼ਤਿਆਂ ਦਰਮਿਆਨ ਲਿੰਗ ਸਬੰਧਾਂ ਦੀ ਮਨਾਹੀ ਕਰ ਦਿੱਤੀ ਗਈ। ਇੰਝ ਹੋਂਦ 'ਚ ਆਏ ਟੱਬਰ ਨੂੰ ਪਨਾਲੂਆਨ ਟੱਬਰ ਕਿਹਾ ਜਾਂਦਾ ਹੈ। ਇਓਂ ਅਸੀਂ ਦੇਖਦੇ ਹਾਂ ਕਿ ਲਿੰਗ ਸਬੰਧਾਂ ਉੱਤੇ ਨਿਰਭਰ ਵਧ ਰਹੀ ਮਨਾਹੀ ਨੇ ਮੁੱਢਲੇ ਕਿਸਮ ਦੇ ਜੋੜੇ ਟੱਬਰ ਨੂੰ ਜਨਮ ਦਿੱਤਾ। ਪਰ ਇਹ ਟੱਬਰ ਇੱਕ ਪਤੀ-ਇੱਕ ਪਤਨੀ ਦੇ ਬਾਵਜੂਦ ਵੀ ਹੁਣ ਵਾਂਗ ਕਿਵੇਂ ਵੀ ਨਹੀਂ ਸਨ। ਇਹਨਾਂ ਨੂੰ ਕੋਈ ਵੀ ਇੱਕ ਧਿਰ ਅਪਣੀ ਮਰਜ਼ੀ ਨਾਲ਼ ਜਦੋਂ ਚਾਹੁੰਦੀ ਤੋੜ ਸਕਦੀ ਸੀ ਤੇ ਬੱਚੇ ਪਹਿਲਾਂ ਵਾਂਗ ਹੀ ਮਾਂ ਦੇ ਨਾਲ਼ ਰਹਿੰਦੇ ਸਨ ਤੇ ਇੱਥੇ ਵੀ ਲੀਹ ਮਾਂ ਤੋਂ ਚੱਲਦੀ ਸੀ, ਯਾਨਿ, ਇਹ ਵੀ ਮਾਤਰੀ ਲੀਹ ਪ੍ਰਧਾਨ ਸਮਾਜ ਸੀ। ਇਸ ਸਮਾਜ 'ਚ ਪਤੀ ਨੂੰ ਪਤਨੀ ਦੇ ਟੱਬਰ 'ਚ ਸ਼ਾਮਲ ਹੋਣਾ ਪੈਂਦਾ ਸੀ ਤੇ ਸਬੰਧ ਟੁੱਟਣ ਦੀ ਹਾਲਤ 'ਚ ਉਸੇ ਨੂੰ ਹੀ ਘਰ ਛੱਡ ਕੇ ਜਾਣਾ ਪੈਂਦਾ ਸੀ। ਅੱਲਗ ਹੋਣ ਦੀ ਜਾਂ ਮੌਤ ਦੀ ਸੂਰਤ 'ਚ ਔਰਤ ਜਾਂ ਮਰਦ ਦੀ ਖੁਦ ਦੀ ਜਾਇਦਾਦ ਜੋ ਕਿ ਦੋਵਾਂ ਵੱਲੋਂ ਵਰਤੇ ਜਾਣ ਵਾਲ਼ੇ ਵੱਖ-ਵੱਖ ਸੰਦ ਤੇ ਭਾਂਡੇ ਟੀਂਡੇ ਜੋ ਵੀ ਸਨ ਉਹ ਔਰਤ ਦੇ ਔਰਤ ਦੀ ਗੋਤ 'ਚ ਤੇ ਮਰਦ


www.punjabilibrary.com

ਦੇ ਮਰਦ ਦੀ ਗੋਤ 'ਚ ਚਲੇ ਜਾਂਦੇ ਸਨ। ਇਹ ਕੋਈ ਰੱਟੇ ਦਾ ਮੁੱਦਾ ਨਹੀਂ ਸਨ ਬਣਦੇ।

ਮੱਨੁਖ ਅਪਣੇ ਵਿਕਾਸ ਦੇ ਅਗਲੇਰੇ ਪੜਾਅ 'ਚ ਦਾਖਲ ਹੁੰਦਾ ਹੈ। ਉਸ ਨੇ ਪਸ਼ੂਆਂ ਨੂੰ ਪਾਲਤੂ ਬਣਾ ਕੇ ਉਹਨਾਂ ਦੇ ਵੱਗ ਤਿਆਰ ਕਰਨਾ ਸਿੱਖ ਲਿਆ। ਪਰ ਇਹ ਪਸ਼ੂਆ ਨੂੰ ਪਾਲਤੂ ਬਣਾਉਣ ਤੇ ਉਹਨਾਂ ਦੀ ਸਾਂਭ ਦਾ ਕੰਮ ਜਿੰਨੀ ਮੱਨੁਖੀ ਸ਼ਕਤੀ ਦੀ ਮੰਗ ਕਰਦਾ ਸੀ ਉਹ ਔਰਤ ਦੀ ਗਰਭ ਅਵਸਥਾ, ਬੱਚਾ ਜੰਮਣ ਤੇ ਦੁੱਧ ਚੰਘਾਉਣ ਦੇ ਸਮੇਂ ਉਸ ਦੀ ਘਟੀ ਹੋਈ ਸਰੀਰਕ ਸ਼ਕਤੀ ਨਾਲ਼ ਮੇਲ ਨਹੀਂ ਖਾਂਦਾ ਹੋਵੇਗਾ। ਭਾਵੇਂ ਕਿ ਬਾਕੀ ਵੇਲ਼ਿਆਂ 'ਚ ਉਸ ਸਮੇਂ ਦੀ ਔਰਤ ਕਿਸੇ ਵੀ ਤਰ੍ਹਾਂ-ਦਿਮਾਗੀ ਜਾਂ ਜਿਸਮਾਨੀ ਤੌਰ 'ਤੇ-ਮਰਦ ਨਾਲ਼ੋਂ ਘੱਟ ਨਹੀਂ ਹੋਵੇਗੀ। ਪਰ ਅਜਿਹੇ ਵੇਲ਼ਿਆ 'ਤੇ ਜ਼ਰੂਰ ਹੀ ਉਸ ਨੂੰ ਮਰਦ ਦੀ ਮਦਦ ਦੀ ਲੋੜ ਪੈਂਦੀ ਹੋਵੇਗਾ। ਪਰ ਇਹ ਉਹ ਵੇਲ਼ਾ ਸੀ ਜਦੋਂ ਸਰੀਰਕ ਸ਼ਕਤੀ ਹੀ ਹੋਂਦ ਦੀ ਸਭ ਤੋਂ ਵੱਡੀ ਗਰੰਟੀ ਸੀ ਤੇ ਸ਼ਾਇਦ ਇਹ ਉਹ ਸਮੇਂ ਹੁੰਦੇ ਹੋਣਗੇ ਜਦੋਂ ਔਰਤ ਖਿਲਾਫ ਹਿੰਸਾ ਦੀ ਸ਼ੁਰੂਆਤ ਹੋਈ ਹੋਵੇਗੀ।

ਦੂਸਰੇ ਬੰਨੇ ਪਸ਼ੂਆਂ ਦੇ ਵੱਗ ਤਿਆਰ ਕਰਨ ਨੇ ਦੌਲਤ ਦੇ ਅਜਿਹੇ ਸੋਮਿਆਂ ਨੂੰ ਪੈਦਾ ਕੀਤੇ ਜਿਸਨੇ ਨਵੇਂ ਸਮਾਜੀ ਸਬੰਧਾਂ ਨੂੰ ਜਨਮ ਦਿੱਤਾ। ਹੁਣ ਖੁਰਾਕ ਦੀ ਨਿੱਤ ਦੀ ਭਾਲ਼ ਖਤਮ ਹੋ ਗਈ। ਉਲਟੇ ਮੱਨੁਖ ਕੋਲ਼ ਖੁਰਾਕ ਦੀ ਬਹੁਲਤਾ ਹੋ ਗਈ। ਪਰ ਇਹ ਦੌਲਤ ਕਿਸ ਦੀ ਸੀ? ਸ਼ੁਰੂ 'ਚ ਤਾਂ ਸਾਰੀ ਗੋਤ ਦੀ ਹੀ ਸੀ। ਪਰ ਇਸ ਵਿੱਚ ਸ਼ੁਰੂ ਤੋਂ ਹੀ ਨਿੱਜੀ ਜਾਇਦਾਦ ਦੇ ਅੰਸ਼ ਸ਼ਾਮਲ ਸਨ। ਇਸੇ ਹੀ ਦੌਰਾਨ ਖੇਤੀ ਦੀ ਸ਼ੁਰੂਆਤ ਹੋ ਜਾਂਦੀ ਹੈ। ਇਸ ਦੌਰ 'ਚ ਮੱਨੁਖ ਨੇ ਘਮੰਤੂਪੁਣੇ ਨੂੰ ਤਿਆਗ ਕੇ ਪਿੰਡ ਬੰਨ੍ਹ ਕੇ ਪੱਕੇ ਤੌਰ 'ਤੇ ਟਿਕਵੀਂ ਜਗ੍ਹਾ ਰਹਿਣਾ ਸ਼ੁਰੂ ਕਰ ਦਿੱਤਾ। ਇਸੇ ਸਮੇਂ ਨੂੰ ਸੱਭਿਅਤਾ ਦੀ ਸ਼ੁਰੂਆਤ ਮੰਨਿਆ ਜਾਂਦਾ ਹੈ, ਯਾਨਿ ਵਾਧੂ ਪੈਦਾਵਾਰ ਦਾ ਦੌਰ। ਇਸ ਤੋਂ ਪਹਿਲਾਂ ਕਿਸੇ ਕੋਲ਼ ਵੀ ਵਾਧੂ ਪੈਦਾਵਾਰ ਨਹੀਂ ਸੀ ਜਿਸ ਨਾਲ਼ ਦੂਜੇ ਦੀ ਮਿਹਨਤ ਤੋਂ ਪੈਦਾ ਹੋਈਆਂ ਚੀਜ਼ਾਂ ਨੂੰ ਹੜੱਪਿਆ ਜਾ ਸਕੇ। ਪਰ ਹੁਣ ਇਹ ਪੈਦਾ ਹੋ ਚੁੱਕੀ ਸੀ। ਪਸ਼ੂਆ ਦੇ ਵੱਡੇ ਵੱਗ ਇਸ ਲਈ ਨਹੀਂ ਸੀ ਪਾਲ਼ੇ ਜਾਂਦੇ ਸਨ ਕਿ ਖੁਰਾਕ ਦੀ ਵੱਧ ਲੋੜ ਸੀ। ਸਗੋਂ ਇਸ ਲਈ ਪਾਲ਼ੇ ਜਾਂਦੇ ਸਨ ਕਿ ਇਹਨਾਂ ਦੀ ਵਰਤੋਂ ਕਦਰ ਦੇ ਨਾਲ਼-ਨਾਲ਼ ਇੱਕ ਵਟਾਂਦਰਾ ਕਦਰ ਵੀ ਪੈਦਾ ਹੋ ਗਈ ਸੀ। ਮਾਅਨੇ ਇਹ ਕਿ ਨਿੱਜੀ ਜਾਇਦਾਦ ਦੀ ਉੱਤਪਤੀ ਹੋ ਗਈ ਸੀ। ਹੁਣ ਤੱਕ ਹੋਂਦ ਵਿੱਚ ਆ ਚੁੱਕੇ ਜੋੜਾ ਟੱਬਰ ਕਾਰਨ ਮਾਂ ਦੇ ਨਾਲ਼ ਨਾਲ਼ ਵੀਰਜੀ ਪਿਤਾ ਦੀ ਵੀ ਪਛਾਣ ਹੋਣ ਲੱਗ ਗਈ ਸੀ। ਪਰ ਹਾਲੇ ਵੀ ਗੋਤ ਤੇ ਵਿਰਾਸਤ ਮਾਤਰੀ ਲੀਹ ਤੋਂ ਹੀ ਚੱਲਦੀ ਸੀ। ਜਿਸ ਕਰਕੇ ਜਾਇਦਾਦ ਉਸ ਨੂੰ ਬਣਾਉਣ ਵਾਲ਼ੇ ਦੇ ਅਪਣੇ ਬੱਚਿਆ ਨੂੰ ਨਹੀਂ ਸਗੋਂ ਉਸ ਦੀਆਂ ਭੈਣਾਂ ਦੇ ਬੱਚਿਆਂ ਨੂੰ ਮਿਲ਼ਦੀ ਸੀ। ਸੋ ਇਸ ਗੱਲ ਨੇ ਇਸ ਲੋੜ ਨੂੰ ਉਭਾਰਿਆ ਕਿ ਵਿਰਾਸਤ ਦੇ ਮਾਤਰੀ ਹੱਕ ਦੀ ਜਗ੍ਹਾ ਪਿਤਰੀ ਹੱਕ ਨੂੰ ਲਿਆਂਦਾ ਜਾਵੇ। ਜਾਇਦਾਦ ਦੇ ਹੋਂਦ 'ਚ ਆਉਣ ਨੇਂ ਪਹਿਲਾਂ ਹੀ ਟੱਬਰ 'ਚ ਮਰਦ ਦੀ ਸਥਿਤੀ ਭਾਰੂ ਤੇ ਮਜ਼ਬੂਤ ਬਣਾ ਦਿੱਤੀ ਸੀ। ਅਪਣੀ ਇਸ ਭਾਰੂ ਸਥਿਤੀ ਦਾ ਲਾਭ ਉਠਾਉਂਦਿਆ ਉਸ ਨੇ ਮਾਤਰੀ ਲੀਹ ਦੀ ਥਾਂ ਪਿਤਰੀ-ਲੀਹ ਨੂੰ ਲਿਆ ਖੜ੍ਹਾ ਕੀਤਾ। ਅਜਿਹਾ ਉਹ ਸੌਖਿਆਂ ਹੀ ਕਰ ਸਕਿਆ, ਕਿਉਂਕਿ ਇਹ ਉਸ ਵੇਲ਼ੇ ਦੇ ਸਮਾਜ


www.punjabilibrary.com

ਦੀਆਂ ਲੋੜਾਂ ਅਨੁਸਾਰੀ ਹੀ ਸੀ। ਹੁਣ ਗੋਤ ਤੇ ਵਿਰਸਾ ਮਾਂ ਦੀ ਥਾਂ ਪਿਤਾ ਤੋਂ ਮਿੱਥਿਆ ਜਾਣ ਲੱਗਾ ਤੇ ਇੰਝ ਅਸੀਂ ਦੇਖਦੇ ਹਾਂ ਮਾਤਰੀ ਲੀਹ ਦਾ ਖਾਤਮਾ। ਜਿਵੇਂ ਕਿ ਏਂਗਲਜ਼ ਨੇ ਕਿਹਾ ਹੈ, " ਇਹ ਮਦੀਨ ਦੀ ਸੰਸਾਰ ਇਤਿਹਾਸਕ ਹਾਰ ਸੀ।" ਉਹ ਮਰਦ ਦੀ ਵਾਸ਼ਨਾ ਦੀ ਗੁਲਾਮ ਬਣ ਗਈ। ਬੱਚੇ ਪੈਦਾ ਕਰਨ ਲਈ ਕੇਵਲ ਇੱਕ ਸਾਧਨ ਬਣ ਗਈ।

ਹੁਣ ਪਹਿਲਾਂ ਦੇ ਢਿੱਲੇ-ਢਾਲੇ ਜੋੜਾ ਟੱਬਰ ਨੇ ਇੱਕ ਪਤੀ-ਇੱਕ ਪਤਨੀ ਟੱਬਰ ਦਾ ਰੂਪ ਲੈ ਲਿਆ। ਪਰ ਇਸ ਵਿਆਹ ਦੇ ਬੱਧਨ ਪਹਿਲਾਂ ਨਾਲ਼ੋਂ ਵੱਧ ਕਰੜੇ ਸਨ। ਹੁਣ ਇਸ ਨੂੰ ਦੋਵੇਂ ਧਿਰਾਂ ਅਪਣੀ ਮਰਜ਼ੀ ਨਾਲ਼ ਤੋੜ ਨਹੀਂ ਸਨ ਸਕਦੀਆਂ। ਔਰਤ ਤਾਂ ਬਿਲਕੁਲ ਹੀ ਨਹੀਂ। ਬੇ-ਵਫਾਈ ਕਰਨ ਦਾ ਜਾਂ ਵਿਆਹ ਤੋੜਨ ਦਾ ਹੱਕ ਹੁਣ ਸਿਰਫ ਪਤੀ ਲਈ ਹੀ ਰਾਖਵਾਂ ਸੀ। ਇੰਝ ਅਸੀਂ ਦੇਖਦੇ ਹਾਂ ਕਿ ਟੱਬਰ ਦਾ ਇਹ ਪਹਿਲਾ ਰੂਪ ਸੀ ਜੋ ਕੁਦਰਤੀ ਹਾਲਤਾਂ 'ਤੇ ਨਹੀਂ ਸਗੋਂ ਆਰਥਕ ਹਾਲਤਾਂ 'ਤੇ ਆਧਰਿਤ ਸੀ। ਅਰਥਾਤ ਕੁਦਰਤੀ ਤੌਰ 'ਤੇ ਵਿਕਸਤ ਹੋਈ ਸਾਂਝੀ ਮਾਲਕੀ 'ਤੇ ਨਿੱਜੀ ਮਾਲਕੀ ਦੀ ਜਿੱਤ 'ਤੇ ਅਧਾਰਿਤ ਸੀ। ਇਸ ਟੱਬਰ ਦਾ ਅਧਾਰ ਸੀ ਮਰਦ ਦੀ ਪ੍ਰਮੁੱਖਤਾ ਤੇ ਇਸ ਦਾ ਮੰਤਵ ਸੀ ਅਜਿਹੇ ਬੱਚੇ ਪੈਦਾ ਕਰਨਾ ਜਿਨ੍ਹਾਂ ਦੀ ਪਿੱਤਰਤਾ ਸਬੰਧੀ ਸ਼ੱਕ-ਸ਼ੁਬ੍ਹਾ ਨਾ ਹੋਵੇ। ਇਸ ਪਿੱਤਰਤਾ ਦੀ ਇਸ ਲਈ ਲੋੜ ਸੀ ਤਾਂ ਕਿ ਇਹ ਬੱਚੇ ਸਮਾਂ ਆਉਣ 'ਤੇ ਆਪਣੇ ਬਾਪ ਦੇ ਹਕੀਕੀ ਵਾਰਸ ਸਿੱਧ ਹੋ ਸਕਣ। ਇੰਝ ਅਸੀਂ ਦੇਖਦੇ ਮਰਦ ਤੇ ਔਰਤ ਦਰਮਿਆਨ ਕਿਰਤ ਦੀ ਪਹਿਲੀ ਵੰਡ ਵਾਰਸ ਪੈਦਾ ਕਰਨ ਦੀ ਜਰੂਰਤ 'ਚੋਂ ਹੋਈ।

ਹੁਣ ਵਾਰਸ ਦੀ ਪਿੱਤਰਤਾ ਯਕੀਨੀ ਬਣਾਉਣ ਲਈ ਔਰਤ ਨੂੰ ਸਮਾਜਿਕ ਪੈਦਾਵਾਰ ਦੇ ਅਮਲ ਨਾਲ਼ੋਂ ਕੱਟ ਕੇ ਉਹਨੂੰ ਘਰ ਦੀ ਚਾਰਦਿਵਾਰੀ 'ਚ ਬੰਦ ਕਰ ਦਿੱਤਾ ਗਿਆ। ... ਤੇ ਇਓਂ ਔਰਤ ਦੇ ਹਿੱਸੇ ਉਹ ਕੰਮ ਆਇਆ ਜੋ ਜ਼ਿੰਦਗੀ ਨੂੰ ਚੱਲਦਾ ਰੱਖਣ ਲਈ ਤਾਂ ਬੇ-ਹੱਦ ਜ਼ਰੂਰੀ ਸੀ ਪਰ ਜਿਸ ਦੀ ਸਮਾਜਿਕ ਵੁੱਕਤ ਕੋਈ ਨਹੀਂ ਸੀ, ਕਿਉਂਕਿ ਇਹ ਕੰਮ ਸੀ ਜਿਸ ਦੀ ਵਰਤੋਂ ਕਦਰ ਤਾਂ ਸੀ ਪਰ ਵਟਾਂਦਰਾ ਕਦਰ ਨਹੀਂ ਸੀ। ਵਟਾਂਦਰਾ ਕਦਰ ਦੀ ਪੂਰੀ ਦੀ ਪੂਰੀ ਆਰਥਿਕਤਾ ਨੂੰ ਮਰਦ ਕੰਟਰੋਲ ਕਰਨ ਲੱਗੇ। ਸੋ ਇਹਨਾਂ ਹਾਲਤਾਂ ਨੇ ਔਰਤ ਦੀ ਮਰਦ 'ਤੇ ਆਰਥਕ ਨਿਰਭਰਤਾ ਬਣਾ ਦਿੱਤੀ। ਜੋ ਉਦੋਂ ਤੋਂ ਲੈ ਕੇ ਹੁਣ ਤੱਕ ਚੱਲਦੀ ਆ ਰਹੀ ਹੈ। ਇਸ ਨਿਰਭਰਤਾ ਦੇ ਰੂਪ ਸਮੇਂ ਸਮੇਂ ਬਦਲਦੇ ਰਹੇ ਹਨ ਪਰ ਇਹ ਬਾ-ਦਸਤੂਰ ਜਾਰੀ ਹੈ। ਤੇ ਇਓਂ ਅਸੀਂ ਦੇਖਦੇ ਹਾਂ ਕਿ ਪਹਿਲੀ ਜਮਾਤੀ ਵੰਡ ਵੀ ਮਰਦ ਤੇ ਔਰਤ ਦਰਮਿਆਨ ਹੋਈ।

ਦੂਸਰੇ ਪਾਸੇ ਅਸੀਂ ਦੇਖਦੇ ਹਾਂ ਕਿ ਇਸੇ ਹੀ ਵੇਲ਼ੇ, ਯਾਨਿ, ਟੱਬਰ ਦੀ ਉੱਤਪਤੀ ਵੇਲ਼ੇ ਹੀ ਸ਼ੁਰੂਆਤ ਹੁੰਦੀ ਹੈ ਗੁਲਾਮਦਾਰੀ ਦੀ ਤੇ ਉਸ ਨੂੰ ਵਾਜਬੀਅਤ ਪ੍ਰਦਾਨ ਕਰਦੀ ਰਾਜਸੱਤਾ ਤੇ ਧਾਰਮਿਕ ਸੰਸਥਾਵਾਂ ਦੀ। ਹੁਣ ਤੱਕ ਕਬੀਲੇ ਅਪਣੇ ਅਪਣੇ ਕੰਮਾਂ ਕਾਰਾਂ ਨੂੰ, ਅਪਣੀਆਂ ਜੰਗਾਂ ਨੂੰ ਆਪਣੇ ਸਾਰੇ ਜਵਾਨ ਮੈਬਰਾਂ ਦੀ ਸਹਾਇਤਾ ਨਾਲ਼ ਸਿਰੇ ਚਾੜ੍ਹਦੇ ਸਨ। ਕਬੀਲੇ ਦੇ ਸਾਰੇ ਮਰਦਾਂ ਔਰਤਾਂ ਦੇ ਬਰਾਬਰ ਦੇ ਅਧਿਕਾਰ ਸਨ। ਉਹਨਾਂ ਨੂੰ ਕਬੀਲੇ ਦੇ ਮੁਖੀ ਤੇ ਸੈਨਾਪਤੀ ਨੂੰ ਚੁਨਣ ਲਈ ਵੋਟ ਦੇ ਬਰਾਬਰ ਦੇ ਹੱਕ ਸਨ। ਹੁਣ ਤੱਕ ਇਹ ਕਬੀਲੇ ਅਪਣੇ ਵਿਰੋਧੀ ਕਬੀਲਿਆਂ


www.punjabilibrary.com

ਨੂੰ, ਜਿਨ੍ਹਾਂ ਨਾਲ਼ ਉਹ ਚੰਗੀਆਂ ਚਰਾਗਾਹਾਂ, ਚੰਗੀ ਜ਼ਮੀਨ ਜਾਂ ਫਿਰ ਪਸ਼ੂਆ ਦੇ ਵੱਗਾਂ ਲਈ ਲੜਦੇ ਸਨ ਉਹ ਹਾਰੇ ਹੋਏ ਕਬੀਲੇ ਨੂੰ ਜਾਂ ਤਾਂ ਕਤਲ ਕਰ ਦਿੰਦੇ ਸਨ ਜਾਂ ਫਿਰ ਬਰਾਬਰਤਾ ਦਾ ਅਧਾਰ 'ਤੇ ਅਪਣੇ 'ਚ ਸ਼ਾਮਿਲ ਕਰ ਲੈਂਦੇ ਸਨ। ਪਰ ਹੁਣ ਪਸ਼ੂ ਧਨ ਦੇ ਵਧਣ ਫੁੱਲਣ ਨਾਲ਼, ਜਿਸ ਦੀ ਸਾਂਭ ਸੰਭਾਲ਼ ਇੱਕਲੇ ਟੱਬਰ ਲਈ ਕਰਨੀ ਮੁਸ਼ਕਲ ਸੀ, ਉਹਨਾਂ ਨੂੰ ਲੱਗਾ ਕਿ ਹਾਰੇ ਹੋਏ ਕਬੀਲੇ ਨੂੰ ਮਾਰਨ ਜਾਂ ਅਪਣੇ 'ਚ ਸ਼ਾਮਲ ਕਰਨ ਨਾਲੋਂ ਕਿਤੇ ਵੱਧ ਲਾਹੇਵੰਦਾ ਹੈ ਉਹਨਾਂ ਨੂੰ ਗੁਲਾਮ ਬਣਾ ਕੇ ਕੰਮ ਲਿਆ ਜਾਣਾ ਯਾਨਿ ਕਿ ਉਹਨਾਂ ਦੀ ਮਿਹਨਤ ਦੇ ਫਲ਼ ਨੂੰ ਖ਼ੁਦ ਹੜੱਪ ਲੈਣਾ। ਸੋ ਇਓਂ ਹੋਂਦ 'ਚ ਆਏ ਗੁਲਾਮ-ਮਾਲਕ ਤੇ ਗੁਲਾਮ। ਗੁਲਾਮ ਜਿਨ੍ਹਾਂ ਦੀ ਜ਼ਿੰਦਗੀ-ਮੌਤ 'ਤੇ ਉਹਨਾਂ ਦੇ ਮਾਲਕਾਂ ਨੂੰ ਪੂਰਾ ਇਖਤਿਆਰ ਸੀ। ਸੋ ਇਓਂ ਹੋਂਦ 'ਚ ਆਈ ਨਿੱਜੀ ਜਾਇਦਾਦ ਨੇ ਸਮਾਜ ਨੂੰ ਲੁਟੇਰਿਆ ਤੇ ਲੁਟੀਂਦੀਆਂ ਜਮਾਤਾਂ ਦਰਮਿਆਨ ਵੰਡ ਦਿੱਤਾ ਤੇ ਮੋੜਵੇਂ ਰੂਪ 'ਚ ਦੌਲਤ ਦੇ ਫਰਕਾਂ ਨੇ ਰਾਠ-ਸ਼ਾਹੀ ਬਾਦਸ਼ਾਹੀ ਦੇ ਮੁੱਢਲੇ ਰੂਪਾਂ ਨੂੰ ਜਨਮ ਦਿੱਤਾ, ਹਥਿਆਰਬੰਦ ਸੱਤਾ ਨੂੰ ਜਨਮ ਦਿੱਤਾ ਜਿਹੜੀ ਲੁਟੀਂਦੀਆਂ ਜਮਾਤਾਂ ਦੇ ਖਿਲਾਫ ਲੁਟੇਰੀਆਂ ਜਮਾਤਾਂ ਦੀ ਹਿਫ਼ਾਜਤ ਕਰਦੀ ਸੀ। ਤੇ ਇਸ ਨੂੰ ਵਾਜਬੀਅਤ ਪ੍ਰਦਾਨ ਕਰਦੀਆਂ ਸਨ ਧਾਰਮਕਿ ਸੰਸਥਾਵਾਂ ਜੋਂ ਉਦੋਂ ਤੱਕ ਹੋਂਦ 'ਚ ਆ ਚੁੱਕੀਆਂ ਸਨ।

ਹੁਣ ਵਸਤਾਂ ਦੀ ਕਦਰ ਦੇ ਨਾਲ਼ ਨਾਲ਼ ਵਟਾਦਰਾ ਕਦਰ ਵੀ ਪੈਦਾ ਹੋ ਗਈ। ਇਸ ਵਟਾਂਦਰਾ ਕਦਰ ਦੇ ਪੈਦਾ ਹੋਣ ਨਾਲ਼ ਔਰਤਾਂ ਤੇ ਗੁਲਾਮਾਂ ਨੂੰ ਪਸ਼ੂਆਂ ਦੇ ਬਦਲੇ 'ਚ ਖ੍ਰੀਦਿਆ ਵੇਚਿਆ ਜਾਣ ਲੱਗਾ। ਜਿਸ ਨਾਲ਼ ਜਾਇਦਾਦ ਦੇ ਵੱਡੇ ਸੋਮੇ ਦੇ ਤੌਰ 'ਤੇ ਪਸ਼ੂਆ ਦੇ ਵੱਡੇ ਵੱਗਾਂ ਵਾਲ਼ਿਆ ਨੂੰ ਇੱਜ਼ਤ ਮਿਲਣ ਲੱਗੀ। ਇਸੇ ਹੀ ਦੌਰ 'ਚ ਆਉਂਦੀ ਹੈ ਬਹੁ-ਪਤਨੀ ਪ੍ਰਥਾ। ਜਿਹੜੀ ਕਿ ਜ਼ਿਆਦਾਤਰ ਉੱਪਰਲੇ ਤਬਕੇ ਦੇ ਮਰਦਾਂ ਦਾ ਹੱਕ ਬਣੀ।

ਇਸ ਤਰ੍ਹਾਂ ਹੋਂਦ 'ਚ ਆਏ ਜ਼ਿੰਦਗੀ ਲਈ ਦੂਹਰੇ ਮਿਆਰ। ਜੋ ਮਰਦਾਂ ਲਈ ਕੁੱਝ ਹੋਰ ਤੇ ਔਰਤਾਂ ਲਈ ਕੁੱਝ ਹੋਰ ਸਨ, ਬਿਲਕੁਲ ਉਵੇਂ ਹੀ ਜਿਵੇਂ ਗੁਲਾਮ ਮਾਲਕਾਂ ਲਈ ਕੁੱਝ ਹੋਰ ਤੇ ਗੁਲਾਮਾਂ ਲਈ ਕੁੱਝ ਹੋਰ। ਫੈਮੀਲੀਆ (Familia) ਸ਼ਬਦ ਜੋ ਕਿ ਰੋਮਨ ਭਾਸ਼ਾ 'ਚੋਂ ਆਇਆ ਹੈ, ਦੇ ਮਾਅਨੇ ਹਨ—ਗੁਲਾਮ ਤੇ ਇਓਂ "ਫੈਮਿਲੀ" (Family) ਉਹ ਸੰਸਥਾ ਬਣੀ ਜੋ ਟੱਬਰ ਦੇ ਮੁਖੀ ਦੇ ਨਿਰੰਕੁਸ਼ ਅਧਿਕਾਰ ਹੇਠ ਸੀ ਜਿਸ 'ਚ ਪਤਨੀ ਤੇ ਬੱਚਿਆਂ ਤੋਂ ਇਲਾਵਾ ਗੁਲਾਮ ਤੇ ਬਾਂਦੀਆ ਵੀ ਸਨ। ਇਸ ਸੰਸਥਾ 'ਚ ਪਤਨੀ ਦੀ ਭੂਮਿਕਾ ਮੁੱਖ ਬਾਂਦੀ ਵਾਲ਼ੀ ਸੀ ਯਾਨਿ ਉਸ ਦਾ ਕੰਮ ਆਪਣੇ ਮਾਲਕ ਮਰਦ ਦੀ ਸੇਵਾ ਕਰਨੀ, ਉਸ ਲਈ "ਜ਼ਾਇਜ" ਔਲਾਦ ਪੈਦਾ ਕਰਨੀ ਤੇ ਘਰ ਦੀ ਸਾਂਭ ਸੰਭਾਈ ਕਰਨੀ ਸੀ। ਪਰ ਇਸ ਮੁੱਖ ਬਾਂਦੀ ਦੀ ਗੁਲਾਮੀ ਨੂੰ ਖ਼ੂਬਸੂਰਤ ਲਫਜ਼ਾਂ ਦੇ ਲਿਬਾਸ ਨਾਲ਼ ਢੱਕਣ ਦੀ ਕੋਸ਼ਿਸ਼ ਕੀਤੀ ਗਈ। ਉਸਨੂੰ ਸਤੀ-ਸਵਿੱਤਰੀ ਦਾ ਰੁਤਬਾ ਦਿੱਤਾ ਗਿਆ, ਪਤੀਵਰਤਾ ਰਹਿਣ ਸਿੱਖਿਆ ਦਿੱਤੀ ਗਈ। ... ਤੇ ਇਸ ਪਤੀਵਰਤਾ ਦੇ ਮਿਆਰ ਤੋਂ ਥੋੜਾ-ਬਹੁਤ ਵੀ ਇੱਧਰ-ਉੱਧਰ ਹੋਣ 'ਤੇ ਉਸਨੂੰ ਸਖਤ ਤੋਂ ਸਖ਼ਤ ਸਜ਼ਾ ਦਿੱਤੀ ਗਈ। ਮਤਲਬ ਇਹ ਕਿ ਵੀਰਯੀ-ਵਾਰਸ ਹਾਸਲ ਕਰਨ ਲਈ ਔਰਤ ਨੂੰ ਬੱਚੇ ਪੈਦਾ ਕਰਨ ਵਾਲ਼ੀ ਇੱਕ


www.punjabilibrary.com

ਮਸ਼ੀਨ ਬਣਾ ਦਿੱਤਾ ਗਿਆ ਤੇ ਇਸ ਲਈ ਔਰਤ ਦੀ ਲਿੰਗਤਾ ਨੂੰ ਕੰਟਰੋਲ ਕਰਨ ਦੀ ਹਰ ਕੋਸ਼ਿਸ਼ ਕੀਤੀ ਗਈ।

ਪਰ ਮਰਦ ਨੇ ਅਪਣੇ ਲਈ ਦੂਸਰਾ ਮਿਆਰ ਰੱਖਿਆ। ਉਸ ਨੇ ਟੋਲੀ ਵਿਆਹ ਵੇਲ਼ੇ ਦੀਆਂ ਆਦਤਾਂ ਨੂੰ ਅੱਜ ਤੱਕ ਵੀ ਨਹੀਂ ਤਿਆਗਿਆ ਹੈ। ਅਪਣੀ ਇਸ ਭੁੱਖ ਨੂੰ ਪੂਰਾ ਕਰਨ ਲਈ ਉਸ ਨੇ ਬਹੁਪਤਨੀ ਪ੍ਰਥਾ, ਦੇਵਦਾਸੀ ਪ੍ਰਥਾ, ਨਗਰ ਵਧੂ ਤੇ ਵੇਸ਼ਵਾਗਮਨੀ ਨੂੰ ਇਜਾਦ ਕੀਤਾ ਤੇ ਇਸ ਨੂੰ ਕਨੂੰਨੀ ਤੇ ਧਾਰਮਿਕ ਮਾਨਤਾ ਦਿਵਾਈ। ਯਾਨਿ ਮਰਦ ਲਈ ਲਿੰਗ ਸਬੰਧਾਂ ਦੀ ਪੂਰੀ ਖੁੱਲ੍ਹ-ਖੇਡ੍ਹ ਤੇ ਔਰਤ ਲਈ ਇੱਕ ਪਾਸੇ ਘਰ ਦੀ ਚਾਰਦਿਵਾਰੀ ਤੇ ਦੂਸਰੇ ਪਾਸੇ ਕੋਠਾ। ਇਹ ਸੀ ਉਹ ਫਲ਼ ਜੋ ਸੱਭਿਅਤਾ ਦੀ ਉੱਨਤੀ ਨੇ ਟੱਬਰ, ਨਿੱਜੀ ਜਾਇਦਾਦ ਤੇ ਰਾਜ ਦੀ ਉੱਤਪਤੀ ਨੇ ਔਰਤ ਦੀ ਝੋਲ਼ੀ ਪਾਇਆ।

ਮੱਨੁਖੀ ਸਮਾਜ ਅਪਣੇ ਵਿਕਾਸ ਦੀ ਅਗਲੀ ਪੁਲਾਂਘ ਭਰਦਾ ਹੋਇਆ ਗੁਲਾਮਦਾਰੀ ਯੁੱਗ 'ਚੋਂ ਨਿੱਕਲ਼ ਕੇ ਜਗੀਰਦਾਰੀ ਪ੍ਰਬੰਧ 'ਚ ਦਾਖਲ ਹੁੰਦਾ ਹੈ। ਹੁਣ ਰਾਜਸੱਤਾ 'ਤੇ ਇੱਕ ਨਵੀਂ ਜਮਾਤ ਬਿਰਾਜਮਾਨ ਹੈ ਤੇ ਆਮ ਆਦਮੀ ਗੁਲਾਮ ਤੋਂ ਮੁਜ਼ਾਰਾ ਬਣ ਜਾਂਦਾ ਹੈ। ਪਰ ਔਰਤ ਦੀ ਜ਼ਿੰਦਗੀ ਬਦਤਰ ਹੀ ਰਹਿੰਦੀ ਹੈ। ਰਾਜਿਆ ਤੇ ਜਾਗੀਰਦਾਰਾਂ ਨੇ ਅਪਣੇ ਹਰਮਾਂ ਨੂੰ ਸਜਾਵਟ ਦੇ ਸਮਾਨ ਵਾਂਗ ਵਰਤਿਆ। ਪੰਜ-ਪੰਜ ਹਜ਼ਾਰ ਤੱਕ ਦੀ ਗਿਣਤੀ 'ਚ ਔਰਤਾਂ ਨੂੰ ਇੱਕ ਰਾਜੇ ਦੇ ਹਰਮ 'ਚ ਰੱਖਿਆ ਜਾਣ ਲੱਗਾ। ਔਰਤਾਂ ਤੇ ਮਰਦਾਂ ਦੇ ਇਸ ਵਿਗੜ ਰਹੇ ਤਵਾਜਨ 'ਚ ਪੈਦਾ ਹੋਣ ਵਾਲ਼ੀਆਂ ਇਖਲਾਕੀ ਸਮੱਸਿਆ ਨੂੰ ਨੱਥ ਪਾਉਣ ਲਈ ਫਿਰ ਕੁਹਾੜਾ ਔਰਤਾਂ ਦੇ ਸਿਰ ਚੱਲਣ ਲੱਗਾ। ਵੱਡੇ ਘਰਾਂ ਦੀਆਂ ਔਰਤਾਂ ਲਈ ਘਰਾਂ ਦੀ ਚਾਰਦੀਵਾਰੀ ਤੇ ਇਸ ਤੋਂ ਵੀ ਅਗਾਂਹ ਪਰਦੇ 'ਚ ਰਹਿਣਾ ਲਾਜ਼ਮੀ ਕਰਾਰ ਦਿੱਤਾ ਗਿਆ। ਪਰਾਏ ਮਰਦ ਦੇ ਮੱਥੇ ਲੱਗਣ ਨੂੰ ਸਜਾਯੋਗ ਗੁਨਾਹ ਕਰਾਰ ਦਿੱਤਾ ਗਿਆ। ਸਮਾਜਕ ਕਾਰ ਵਿਹਾਰ 'ਚ ਉਹਨਾਂ ਦਾ ਸ਼ਾਮਲ ਹੋਣਾ ਬਿਲਕੁਲ ਵਰਜਿਤ ਕਰ ਦਿੱਤਾ ਗਿਆ। ਉਹਨਾਂ ਦੀ ਸੋਚ 'ਤੇ ਤਾਲਾ ਲਾ ਉਹਨਾਂ ਨੂੰ ਸਿਰਫ ਐਸ਼ੋ-ਇਸ਼ਰਤ ਦੀ ਸ਼ੈਅ 'ਚ ਬਦਲ ਦਿੱਤਾ ਗਿਆ। ਮਰਦ ਨੂੰ ਪੂਰੀ ਤਰ੍ਹਾਂ ਔਰਤ ਦੀ ਹੋਣੀ ਦਾ ਮਾਲਕ ਬਣਾ ਦਿੱਤਾ ਗਿਆ। ਔਰਤ ਦੇ ਵਿਧਵਾ ਹੋਣ ਦੀ ਸੂਰਤ 'ਚ , ਭਾਵੇ ਕਿ ਕਈ ਵਾਰ ਅਜਿਹਾ ਉਸਦੇ ਸਹੁਰੇ ਜਾਣ ਤੋਂ ਪਹਿਲਾ ਹੀ ਵਾਪਰ ਜਾਂਦਾ ਸੀ, ਉਸ ਨੂੰ ਉਮਰ ਭਰ ਵਿਧਵਾ ਦੀ ਅਤਿ ਔਖਆਈਆਂ ਭਰੀ ਪਸ਼ੂਆ ਜਿਹੀ ਜੂਨ ਹੰਢਾਉਣੀ ਪੈਂਦੀ ਸੀ ਜਾਂ ਜਿਉਂਦੇ ਜੀ ਪਤੀ ਦੀ ਚਿਖਾ 'ਤੇ ਸੜ ਕੇ ਸਤੀ ਹੋਣਾ ਪੈਂਦਾ ਸੀ। ਮਤਲਬ ਇਹ ਕਿ ਅਜਿਹੀਆਂ ਪ੍ਰੰਪਰਾਵਾਂ ਹੋਂਦ 'ਚ ਆ ਗਈਆਂ ਜਿਨ੍ਹਾਂ ਰਾਹੀਂ ਪਤੀ ਦੀ ਮੌਤ ਪਿੱਛੋਂ ਵੀ ਔਰਤ ਦੀ ਲਿੰਗਤਾ ਨੂੰ ਪੂਰੀ ਤਰ੍ਹਾਂ ਕੰਟਰੋਲ ਕੀਤਾ ਜਾਂਦਾ ਸੀ।

ਦੂਸਰੇ ਬੰਨੇ ਗਰੀਬ ਤੇ ਛੋਟੀਆਂ ਜਾਤਾਂ ਦੇ ਘਰਾਂ ਦੀਆਂ ਔਰਤਾਂ ਦੀ ਹਾਲਤ ਤਾਂ ਇਸ ਤੋਂ ਵੀ ਬਦਤਰ ਸੀ। ਉਹਨਾਂ ਨੂੰ ਅਪਣੇ ਤੇ ਅਪਣੇ ਪਰਿਵਾਰ ਦਾ ਗੁਜ਼ਾਰਾ ਚਲਾਉਣ ਲਈ ਜਗੀਰਦਾਰਾਂ ਦੇ ਖੇਤਾਂ-ਬੰਨਿਆਂ 'ਤੇ ਕੰਮ ਕਰਨਾ ਪੈਂਦਾ ਸੀ ਜਿੱਥੇ ਉਹਨਾਂ ਨੂੰ ਪੈਰ-ਪੈਰ 'ਤੇ

ਲਿੰਗਕ ਹਿੰਸਾ ਦਾ ਤੇ ਸਰੀਰਕ ਜਬਰ ਜ਼ੁਲਮ ਦਾ ਸ਼ਿਕਾਰ ਹੋਣਾ ਪੈਂਦਾ ਸੀ। ਇੱਥੋਂ ਤੱਕ ਕਿ ਜਦੋਂ ਵੀ ਜਗੀਰਦਾਰ ਚਾਹੇ ਉਹ ਕਿਸੇ ਵੀ ਮੁਜ਼ਾਰੇ ਦੀ ਬਹੂ-ਬੇਟੀ ਨੂੰ ਹਵੇਲੀ 'ਚ ਅਪਣੀ ਹਵਸ ਪੂਰਤੀ ਲਈ ਸੱਦ ਸਕਦਾ ਸੀ। ਮੁਜ਼ਾਰੇ ਦੀ ਨਵਵਿਆਹੀ ਪਤਨੀ ਨਾਲ ਪਹਿਲੀ ਰਾਤ ਸੌਣ ਦਾ ਹੱਕ ਵੀ ਜਗੀਰਦਾਰ ਲਈ ਰਾਖਵਾਂ ਸੀ ਤੇ ਇਸ ਹੱਕ ਨੂੰ ਸਮਾਜਕ ਧਾਰਮਕ ਸੰਸਥਾਵਾਂ ਵੱਲੋਂ ਸਮਾਜਕ ਰਹੁ-ਰੀਤ ਦਾ ਨਾਂ ਦਿੱਤਾ ਜਾਂਦਾ ਸੀ। ਇਸ ਲਈ ਇਹ ਜਬਰ-ਜ਼ੁਲਮ ਦੀ ਕਿਧਰੇ ਵੀ ਕੋਈ ਦਾਦ-ਫ਼ਰਿਆਦ ਨਹੀਂ ਸੀ ਹੋ ਸਕਦੀ।

ਬੇਸ਼ਕ ਔਰਤ ਦੀ ਲਿੰਗਕ ਪਵਿੱਤਰਤਾ ਦਾ ਬੜੇ ਜੋਰ ਸ਼ੋਰ ਨਾਲ਼ ਪ੍ਰਚਾਰ ਕੀਤਾ ਜਾਂਦਾ ਸੀ, ਪਰ ਇਹ ਮਾਪਦੰਡ ਵੱਡੇ ਘਰਾਂ ਦੀਆਂ ਔਰਤਾਂ ਉੱਪਰ ਹੀ ਲਾਗੂ ਹੁੰਦਾ ਸੀ। ਛੋਟੇ ਘਰਾਂ ਦੀਆਂ ਔਰਤਾਂ ਨੂੰ ਉਹਨਾਂ ਦੇ ਮਰਦ ਇਸ ਕਿਸਮ ਦੀ ਸੁਰੱਖਿਆ ਨਹੀਂ ਸਨ ਦੇ ਸਕਦੇ ਤੇ ਇੰਝ ਇਸ ਜ਼ਬਰ-ਜ਼ੁਲਮ ਨੂੰ ਸਹਿਣਾ ਉਹਨਾਂ ਦੀ ਹੋਣੀ ਸੀ। ਇਸ ਦੌਰ 'ਚ ਦੇਵਦਾਸੀ ਪ੍ਰਥਾ ਨੂੰ, ਨਗਰ ਵਧੂ ਤੇ ਵੇਸ਼ਵਾਗਮਨੀ ਨੂੰ ਸੰਸਥਾਵਾਂ ਦੇ ਤੌਰ 'ਤੇ ਪੂਰੀ ਤਰ੍ਹਾਂ ਵਿਕਸਤ ਕੀਤਾ ਗਿਆ।

ਇਤਿਹਾਸਿਕ ਤੌਰ 'ਤੇ ਇਹ ਪੱਖ ਵੀ ਉੱਭਰਕੇ ਸਾਹਮਣੇ ਆਉਂਦਾ ਹੈ ਕਿ ਕਿਰਤੀ ਜਮਾਤਾਂ ਦੀਆਂ ਔਰਤਾਂ ਬਹੁਤ ਪਹਿਲਾਂ ਤੋਂ ਹੀ ਸਿੱਧੇ ਤੌਰ 'ਤੇ ਸਮਾਜਕ ਪੈਦਾਵਾਰ, ਜਿਵੇਂ ਕਿ ਖੇਤੀ ਆਦਿ, 'ਚ ਕੰਮ ਕਰਦੀਆਂ ਰਹੀਆਂ ਹਨ। ਇਸੇ ਵਜਾਹ ਕਰਕੇ ਭਾਵੇਂ ਕਿ ਉਹ ਲੋਟੂ ਜਮਾਤਾਂ ਦੇ ਦਾਬੇ ਤੇ ਸਰੀਰਕ ਲੁੱਟ ਦਾ ਸ਼ਿਕਾਰ ਹੁੰਦੀਆਂ ਹਨ ਪਰ ਅਪਣੇ ਘਰਾਂ 'ਚ ਉਹਨਾਂ ਨੂੰ ਮੁਕਾਬਲਤਨ ਰੂਪ 'ਚ ਵੱਧ ਅਜ਼ਾਦੀ ਰਹੀ ਹੈ ਤੇ ਵੱਧ ਅਧਿਕਾਰ ਮਾਣਦੀਆਂ ਰਹੀਆਂ ਹਨ ਤੇ ਸਮਾਜ 'ਚ ਵੱਧ ਖੁੱਲ ਕੇ ਵਿਚਰਦੀਆਂ ਰਹੀਆਂ ਹਨ।

## ਸਰਮਾਏਦਾਰੀ ਸਮਾਜ 'ਚ ਔਰਤ

ਆਓ ਹੁਣ ਅਸੀਂ ਉੱਥੇ ਹੀ ਮੁੜਦੇ ਹਾਂ ਜਿੱਥੋਂ ਸ਼ੁਰੂ ਕੀਤਾ ਸੀ। ਯਾਨਿ, ਅੱਜ ਦੇ ਯੁੱਗ, ਸਰਮਾਏਦਾਰਾ ਯੁੱਗ, ਜਿਸ 'ਚ ਅਸੀਂ ਜੀਅ ਰਹੇ ਹਾਂ। ਸਰਮਾਏਦਾਰਾ ਦੌਰ ਮਾਅਨੇ ਪੈਸੇ ਦੀ ਸਰਦਾਰੀ ਦਾ ਦੌਰ, ਜਿਣਸੀ ਪੈਦਾਵਾਰ ਦਾ ਦੌਰ, ਉਹ ਦੌਰ ਜਿਸ 'ਚ ਹਰ ਸ਼ੈਅ ਦਾ ਮਾਪਦੰਡ ਪੈਸਾ ਹੈ, ਜਿਸ 'ਚ ਹਰ ਸ਼ੈਅ ਵਿਕਾਊ ਹੈ, ਮੰਡੀ ਲਈ ਹੈ।

ਇਸ ਦੌਰ ਤੋਂ ਅਸੀਂ ਔਰਤ ਦੀ ਕਿਰਤ ਦੇ ਬੇਵੁੱਕਤੇ ਹੋਣ ਨੂੰ ਵੱਧ ਸੌਖੀ ਤਰ੍ਹਾਂ ਸਮਝ ਸਕਦੇ ਹਾਂ ਤੇ ਇਸ ਬੇਵੁੱਕਤੇਪੁਣੇ ਨੂੰ ਸਮਝਣ ਲਈ ਸਾਨੂੰ ਪਹਿਲਾਂ ਇਸ ਸਮਾਜ ਤੇ ਇਸ ਦੇ ਚਲਨ ਨੂੰ ਸਮਝਣਾ ਚਾਹੀਦਾ ਹੈ। ਸਰਮਾਏਦਾਰੀ ਨਿਜ਼ਾਮ, ਦੋ ਮੁੱਖ ਜਮਾਤਾਂ—ਸਰਮਾਏਦਾਰ ਤੇ ਮਜ਼ਦੂਰਾਂ 'ਚ ਵੰਡਿਆ ਹੋਇਆ ਜਿਣਸੀ ਪੈਦਾਵਾਰ ਵਾਲ਼ਾ ਨਿਜ਼ਾਮ ਹੈ। ਸਰਮਾਏਦਾਰੀ ਉਹ ਜਮਾਤ ਹੈ ਜਿਸ ਦੀ ਪੈਦਾਵਾਰ ਦੇ ਸਾਧਨਾਂ, ਯਾਨਿ, ਕਲ-ਕਾਰਖਾਨੇ, ਜ਼ਮੀਨ-ਜਾਇਦਾਦ ਉੱਪਰ ਮਾਲਕੀ ਹੈ ਤੇ ਮਜ਼ਦੂਰਾਂ ਨੂੰ ਉਜਰਤਾਂ ਦੇ ਕੇ ਮੁਨਾਫੇ ਲਈ ਪੈਦਾਵਾਰ ਕਰਦੀ ਹੈ। ਮਜ਼ਦੂਰ ਉਹ ਲੋਕ ਹਨ ਜੋ ਅਪਣੀ ਕਿਰਤ ਸ਼ਕਤੀ ਨੂੰ ਵੇਚ ਕੇ ਗੁਜ਼ਾਰਾ ਕਰਦੇ ਹਨ। ਯਾਨਿ ਉਹ ਲੋਕ


www.punjabilibrary.com

ਜਿਹਨਾਂ ਦੀ ਪੈਦਾਵਾਰੀ ਸਾਧਨਾਂ ਤੱਕ ਕੋਈ ਪਹੁੰਚ ਨਹੀਂ ਹੁੰਦੀ ਜਾਂ ਜਿਹਨਾਂ ਕੋਲ਼ ਜਿਉਣ ਲਈ ਲੋੜੀਂਦੀਆਂ ਚੀਜ਼ਾਂ ਦੀ ਥੁੜ ਹੁੰਦੀ ਹੈ। ਅਪਣੀ ਕਿਰਤ ਸ਼ਕਤੀ ਦੇ ਵਟਾਂਦਰੇ 'ਚ ਇਹਨਾਂ ਨੂੰ ਜੋ ਉਜਰਤ ਮਿਲ਼ਦੀ ਹੈ ਉਹ ਇਹਨਾਂ ਦੀ ਲੋੜੀਂਦੀਆਂ ਖਪਤਕਾਰੀ ਚੀਜ਼ਾ ਤੱਕ ਪਹੁੰਚ ਬਣਾਉਂਦੀ ਹੈ ਜੋ ਉਹਨਾਂ ਦੀ ਆਪਣੇ ਤੇ ਆਪਣੇ ਪਰਿਵਾਰ ਦੀ ਪਾਲਣਾ ਲਈ ਜ਼ਰੂਰੀ ਹਨ। ਜਿਣਸ ਸਿੱਧੀ ਖਪਤ ਲਈ ਪੈਦਾ ਕੀਤੀ ਗਈ ਉਪਜ ਦੇ ਉਲਟ ਉਹ ਉਪਜ ਹੈ ਜੋ ਸਿਰਫ ਮੰਡੀ ਲਈ ਤਬਾਦਲੇ ਲਈ ਪੈਦਾ ਕੀਤੀ ਜਾਂਦੀ ਹੈ। ਹਰ ਜਿਣਸ 'ਚ ਤਬਾਦਲਾ ਕਦਰ ਤੇ ਵਰਤੋਂ ਕਦਰ ਹੁੰਦੀ ਹੈ।

ਦੂਸਰੇ ਪਾਸੇ ਹਰ ਪੈਦਾਵਾਰ ਜਿਸ ਦੀ ਕਿ ਵਰਤੋਂ ਕਦਰ ਹੁੰਦੀ ਹੈ ਜ਼ਰੂਰੀ ਨਹੀਂ ਹੈ ਕਿ ਉਸ ਦੀ ਤਬਾਦਲਾ ਕਦਰ ਵੀ ਹੋਵੇ। ਕਹਿਣ ਤੋਂ ਭਾਵ ਜ਼ਰੂਰੀ ਨਹੀਂ ਕਿ ਉਹ ਜਿਣਸ ਹੋਵੇ। ਪੈਦਾਵਾਰ ਦੀ ਤਬਾਦਲਾ ਕਦਰ ਉਸ ਹੱਦ ਤੱਕ ਹੀ ਹੋਵੇਗੀ, ਜਿਸ ਹੱਦ ਤੱਕ ਸਮਾਜ, ਜਿਸ 'ਚ ਇਹ ਜਿਣਸ ਪੈਦਾ ਹੋਈ ਹੈ, ਨੂੰ ਇਸ ਦੇ ਤਬਾਦਲੇ ਦੀ ਲੋੜ ਹੋਵੇ। ਅਜਿਹੇ ਸਮਾਜ 'ਚ ਤਬਾਦਲਾ ਇੱਕ ਆਮ ਨਿਯਮ ਹੈ। ਸਰਮਾਏਦਾਰਾ ਸਮਾਜ 'ਚ ਜਿਣਸੀ ਪੈਦਾਵਾਰ— ਤਬਾਦਲਾ ਕਦਰ ਵਾਲ਼ੀ ਪੈਦਾਵਾਰ— ਅਪਣੀ ਉੱਨਤੀ ਦੇ ਸਿੱਖਰ ਉੱਤੇ ਹੈ। ਮਨੁੱਖੀ ਇਤਿਹਾਸ 'ਚ ਇਹ ਪਹਿਲਾ ਸਮਾਜ ਹੈ ਜਿਸ 'ਚ ਪੈਦਾਵਾਰ ਦਾ ਵੱਡਾ ਹਿੱਸਾ ਖੁਦ ਦੀ ਵਰਤੋਂ ਲਈ ਨਹੀਂ ਸਗੋਂ ਮੰਡੀ 'ਚ ਵੇਚਣ ਲਈ ਪੈਦਾ ਕੀਤਾ ਜਾਂਦਾ ਹੈ। ਤਾਂ ਵੀ ਇਹ ਪੂਰਾ ਸੱਚ ਨਹੀਂ ਹੈ ਕਿ ਸਰਮਾਏਦਾਰੀ ਹੇਠ ਦੀ ਸਾਰੀ ਦੀ ਸਾਰੀ ਪੈਦਾਵਾਰ ਜਿਣਸੀ ਪੈਦਾਵਾਰ ਹੈ। ਘਰੇਲੂ ਪੈਦਾਵਾਰ 'ਚ ਲੱਗਿਆ ਔਰਤਾਂ ਦਾ ਹਾਲੇ ਵੀ ਵੱਡਾ ਹਿੱਸਾ ਉਜਰਤੀ ਕਿਰਤ, ਜਿਣਸੀ ਪੈਦਾਵਾਰ ਦੇ ਅਮਲ 'ਚੋਂ ਬਾਹਰ ਹੈ। ਕਿਉਂਕਿ ਘਰੇਲੂ ਪੈਦਾਵਾਰ ਹਾਲੇ ਵੀ ਮੰਡੀ ਦੇ ਚਲਣ ਤੋਂ ਬਾਹਰ ਦਾ ਪੂਰਵ-ਸਰਮਾਏਦਾਰਾ ਪੈਦਾਵਾਰੀ ਅਮਲ ਹੈ। ਘਰੇਲੂ ਪੈਦਾਵਾਰ ਜਿਸ 'ਚ ਬੱਚੇ ਜੰਮਣਾ-ਪਾਲਣਾ, ਚੁੱਲ੍ਹਾ-ਚੌਂਕਾ ਤੇ ਘਰ ਦੀ ਸਾਂਭ-ਸੰਭਾਈ ਦਾ ਕੰਮ ਆਉਂਦਾ ਹੈ, ਸਮਾਜ ਲਈ ਬੇਹੱਦ ਲੋੜੀਂਦੀ ਉਪਜ ਹੈ ਤੇ ਇਸ ਉੱਤੇ ਅੰਤਾਂ ਦੀ ਮਨੁੱਖੀ ਸ਼ਕਤੀ ਖਰਚ ਹੁੰਦੀ ਹੈ। ਤਦ ਵੀ ਜਿਣਸੀ ਪੈਦਾਵਾਰ 'ਤੇ ਅਧਾਰਤ ਇਸ ਸਮਾਜ 'ਚ ਇਸ ਉਪਜ ਦਾ ਵਪਾਰ ਤੇ ਮੰਡੀ ਤੋਂ ਬਾਹਰ ਦੀ ਸ਼ੈਅ ਹੋਣ ਕਰਕੇ ਇਸ ਨੂੰ ਸਹੀ ਅਰਥਾਂ 'ਚ ਕਿਰਤ ਵੀ ਨਹੀਂ ਸਮਝਿਆ ਜਾਂਦਾ। ਕਿਉਂਕਿ ਇਸ ਨਿਜ਼ਾਮ 'ਚ ਪੈਸੇ ਦੇ ਪ੍ਰਧਾਨ ਹੋਣ ਕਰਕੇ ਉਸ ਕੰਮ ਨੂੰ ਹੀ ਕੰਮ ਸਮਝਿਆ ਜਾਂਦਾ ਹੈ ਜਿਸ ਨਾਲ਼ ਪੈਸਾ ਪੈਦਾ ਹੁੰਦਾ ਹੈ, ਜਿਸ ਨੂੰ ਖ੍ਰੀਦਿਆ ਜਾ ਸਕਦਾ ਹੈ। ਇੰਝ ਇਹ ਕਿਰਤ ਅਪਣੇ ਹਕੀਕੀ ਅਰਥਾਂ 'ਚ ਸਰਮਾਏ ਦੇ ਨਿਜ਼ਾਮ ਤੋਂ ਪਹਿਲਾਂ ਦੀ ਅਵਸਥਾ 'ਚ ਹੈ। **ਇਸ ਲਈ ਅਸੀਂ ਮੋਟੇ ਰੂਪ 'ਚ ਔਰਤਾਂ ਨੂੰ ਇਸ ਤਰ੍ਹਾਂ ਪ੍ਰਭਾਸ਼ਿਤ ਕਰ ਸਕਦੇ ਹਾਂ— ਉਹਨਾਂ ਇਨਸਾਨਾਂ ਦਾ ਸਮੂਹ ਜੋ ਘਰ ਪਰਿਵਾਰ ਨਾਲ਼ ਸਬੰਧਿਤ ਸਧਾਰਨ ਵਰਤੋਂ ਕਦਰ ਵਾਲੀ ਪੈਦਾਵਾਰ ਲਈ ਜ਼ੁੰਮੇਵਾਰ ਹੈ। ਮਰਦ ਇਸ ਪੈਦਾਵਾਰ ਲਈ ਜ਼ੁੰਮੇਵਾਰ ਨਹੀਂ ਹੈ, ਇਹੀ ਇਹਨਾਂ ਦੋਵਾਂ ਦਰਮਿਆਨ ਦਾ ਪਾੜਾ ਹੈ।**

ਅੱਜ ਦੇ ਸੰਦਰਭ 'ਚ ਇੱਕ ਗੱਲ ਧਿਆਨ ਦੇਣ ਵਾਲ਼ੀ ਹੈ। ਅੱਜ ਔਰਤਾਂ ਵੀ ਉਜਰਤੀ ਮਜ਼ਦੂਰੀ 'ਚ ਹਿੱਸਾ ਲੈਂਦੀਆਂ ਹਨ। ਪਰ ਇੱਕ ਤਬਕੇ ਦੇ ਤੌਰ 'ਤੇ ਇਸ ਖੇਤਰ 'ਚ


www.punjabilibrary.com

ਉਹਨਾਂ ਦੀ ਕੋਈ ਖਾਸ ਜ਼ੁੰਮੇਵਾਰੀ ਨਹੀਂ ਹੈ, ਸਗੋਂ ਉਹਨਾਂ ਦੀ ਹਿੱਸੇਦਾਰੀ ਨੂੰ ਥੋੜਚਿਰੀ ਮੰਨਿਆ ਜਾਂਦਾ ਹੈ। ਦੂਸਰੇ ਬੰਨੇ, ਮਰਦਾਂ ਨੂੰ ਜਿਣਸੀ ਪੈਦਾਵਾਰ ਲਈ ਜ਼ਿੰਮੇਵਾਰ ਮੰਨਿਆ ਜਾਂਦਾ ਹੈ ਤੇ ਸਿਧਾਂਤਕ ਤੌਰ 'ਤੇ ਘਰੇਲੂ ਉਪਜ ਲਈ ਉਹਨਾਂ 'ਤੇ ਕੋਈ ਜ਼ੁੰਮਵਾਰੀ ਨਹੀਂ ਆਉਂਦੀ। ਉਲਟਾ ਜੋ ਮਰਦ ਘਰੇਲੂ ਕੰਮਾਂ 'ਚ ਹਿੱਸਾ ਲੈਂਦੇ ਹਨ ਉਹਨਾਂ ਨੂੰ ਵਿਰਲੇ ਟਾਂਵੇ ਕੰਮ ਮੰਨਿਆ ਜਾਂਦਾ ਹੈ ਤੇ ਇਸ ਕੰਮ ਨੂੰ ਬੇਇਜ਼ਤੀ ਵਾਲ਼ਾ, ਘਟੀਆ ਤੇ ਜਨਾਨੜਾ ਸਮਝਿਆ ਜਾਂਦਾ ਹੈ।

ਇਸ ਤਰ੍ਹਾਂ ਅਸੀਂ ਵੇਖਿਆ ਹੈ ਕਿ ਔਰਤਾਂ ਦੀ ਇਸ ਪ੍ਰੀਭਾਸ਼ਾ ਵਿੱਚ ਉਹਨਾਂ ਦੇ ਨੀਵੇਂ ਦਰਜੇ ਦੇ ਨਾਗਰਿਕ ਹੋਣ ਦਾ ਪਦਾਰਥਕ ਅਧਾਰ ਮੌਜੂਦ ਹੈ। ਪੈਸਾ ਪ੍ਰਧਾਨ ਸਮਾਜ ਵਿੱਚ ਔਰਤਾਂ ਇੱਕ ਅਜਿਹਾ ਤਬਕਾ ਹਨ ਜੋ ਪੈਸੇ ਦੀ ਆਰਥਿਕਤਾ 'ਚੋਂ ਮੁੱਖ ਤੌਰ 'ਤੇ ਬਾਹਰ ਹਨ। ਉਹਨਾਂ ਦਾ ਕੰਮ ਪੈਸੇ ਨੂੰ ਪੈਦਾ ਨਹੀਂ ਕਰਦਾ, ਇਸ ਲਈ ਇਸ ਕੰਮ ਦੀ ਨਾ ਤਾ ਕੋਈ ਕਦਰ ਹੈ ਤੇ ਨਾ ਹੀ ਇਸ ਕੰਮ ਨੂੰ ਕੰਮ ਹੀ ਗਿਣਿਆ ਜਾਂਦਾ ਹੈ। ਮੁੱਕਦੀ ਗੱਲ ਇਹ ਹੈ ਔਰਤਾਂ ਦੀ ਹਾਲਤ ਉਹਨਾਂ ਭੂਮੀ ਗੁਲਾਮਾਂ ਜਾਂ ਕਿਸਾਨਾਂ ਵਰਗੀ ਹੈ ਜਿਹੜੇ ਜਿਹੜੇ ਜਿਣਸੀ ਪੈਦਾਵਾਰ ਤੋਂ ਬਾਹਰ ਹੁੰਦੇ ਹਨ।

ਪੇਂਡੂ ਖੇਤਰ 'ਚ ਗਰੀਬ ਔਰਤਾਂ ਦਾ ਵੱਡਾ ਹਿੱਸਾ ਘਰੇਲੂ ਕੰਮ ਜਿਵੇਂ ਕਿ ਬੱਚੇ ਜੰਮਣਾ-ਪਾਲਣਾ, ਖਾਣਾ ਪਕਾਉਣਾ, ਅਨਾਜ ਦੀ ਸਾਂਭ-ਸੰਭਾਈ ਕਰਨਾ, ਪਸ਼ੂਆ ਦੀ ਸਾਂਭ ਸੰਭਾਈ ਕਰਨਾ, ਘਰਾਂ ਨੂੰ ਲਿਪਣਾ-ਪੋਚਣਾ ਆਦਿ ਕਰਦੀਆਂ ਹਨ। ਜ਼ਿੰਦਗੀ ਦੇ ਨਿਰਬਾਹ ਲਈ ਤੇ ਪਰਿਵਾਰ ਨੂੰ ਬਣਾਏ ਰੱਖਣ ਲਈ ਅਤਿ ਲੋੜੀਂਦੇ ਇਸ ਕੰਮ ਦਾ ਵੱਡਾ ਹਿੱਸਾ ਜ਼ਿਆਦਾਤਰ ਔਰਤਾਂ ਵੱਲੋਂ ਹੀ ਪੂਰਾ ਕੀਤਾ ਜਾਂਦਾ ਹੈ। ਪਰ ਇਸ ਕੰਮ ਦੇ ਗੈਰ-ਉਜਰਤੀ ਹੋਣ ਕਰਕੇ ਇਸ ਕੰਮ ਨੂੰ ਕੰਮ ਨਹੀਂ ਗਿਣਿਆ ਜਾਂਦਾ, ਕਿਉਂਕਿ ਇਹ ਕੰਮ ਖੁਦ ਦੀਆਂ ਲੋੜਾਂ ਪੂਰੀਆਂ ਕਰਨ ਲਈ ਕੀਤਾ ਜਾਂਦਾ ਹੈ, ਯਾਨਿ ਇਸ 'ਚ ਸਿਰਫ ਵਰਤੋਂ ਕਦਰ ਹੈ ਤਬਾਦਲਾ ਕਦਰ ਨਹੀਂ।

ਖੇਤੀਬਾੜੀ 'ਚ ਗਰੀਬ ਤੇ ਛੋਟੀ ਕਿਸਾਨੀ ਦਾ ਗੁਜ਼ਾਰਾ ਪੂਰੇ ਪਰਿਵਾਰ ਦੀ ਮਿਹਨਤ ਨਾਲ਼ ਹੀ ਚਲਦਾ ਹੈ, ਕਿਉਂਕਿ ਉਹ ਧਨੀ ਕਿਸਾਨ ਵਾਂਗ ਉਜਰਤੀ ਮਿਹਨਤ ਨਹੀਂ ਖਰੀਦ ਸਕਦੇ। ਇਸੇ ਤਰ੍ਹਾਂ ਹੀ ਛੋਟੀ ਘਰੇਲੂ ਦਸਤਕਾਰੀ, ਹੱਥਖੱਡੀ ਵਗੈਰਾ 'ਚ ਕਤਾਈ-ਬੁਣਾਈ ਵਰਗੇ ਕੰਮ ਘਰ 'ਚ ਬੈਠ ਕੇ ਹੀ ਕੀਤੇ ਜਾਂਦੇ ਹਨ। ਛੋਟੇ-ਮੋਟੇ ਪਾਲਣ ਵਾਲ਼ੇ ਧੰਦੇ ਜਿਵੇਂ ਮੁਰਗੀਆਂ, ਸੂਰ ਤੇ ਬੱਕਰੀਆਂ ਵਗੈਰਾ ਪਾਲਣ 'ਚ ਵੀ ਔਰਤਾਂ ਵੱਲੋਂ ਵਾਹਵਾ ਵੱਡਾ ਯੋਗਦਾਨ ਪਾਇਆ ਜਾਂਦਾ ਹੈ। ਪਰ ਤਦ ਵੀ ਉਹਨਾਂ ਨੂੰ ਕਾਮੇ ਦਾ ਰੁਤਬਾ ਨਹੀਂ ਮਿਲ਼ਦਾ। ਕਿਉਂਕਿ ਇੱਥੇ ਵੀ ਭਾਵੇਂ ਆਮਦਨ 'ਚ ਉਹਨਾਂ ਦਾ ਚੋਖਾ ਯੋਗਦਾਨ ਹੁੰਦਾ ਹੈ ਪਰ ਤਦ ਵੀ ਉਹਨਾਂ ਦਾ ਕੰਮ ਪੈਸੇ ਨੂੰ ਪੈਦਾ ਨਹੀਂ ਕਰਦਾ।

ਅਪਣੀਆਂ ਲੋੜਾਂ ਤਹਿਤ ਸਰਮਾਏਦਾਰੀ ਸਮਾਜ ਨੇ ਔਰਤਾਂ ਨੂੰ ਘਰੇਲੂ ਕੰਮਾਂ 'ਚੋਂ ਕੱਢ ਕੇ ਇੱਕ ਹੱਦ ਤੱਕ ਸਮਾਜਕ ਪੈਦਾਵਾਰੀ ਅਮਲ ਪੈਦਾਵਾਰ ਨਾਲ਼ ਜੋੜਿਆ ਹੈ। ਅੱਜ ਔਰਤਾਂ ਵੀ ਉਜਰਤੀ ਮਜ਼ਦੂਰਾਂ ਦੇ ਤੌਰ 'ਤੇ ਖੇਤਾਂ, ਕਾਰਖਾਨਿਆਂ, ਮਿੱਲਾਂ, ਖਾਣਾਂ ਤੇ ਦਫਤਰਾਂ


www.punjabilibrary.com

'ਚ ਕੰਮ ਕਰਦੀਆਂ ਹਨ। ਪਰ ਉਹਨਾਂ ਦੇ ਕੰਮ ਦੀ ਕਿਸਮ ਉਹਨਾਂ ਦੇ ਪਰਿਵਾਰ ਦੀ ਸਮਾਜਕ, ਆਰਥਕ ਤੇ ਜਾਤ-ਪਾਤੀ ਹੈਸੀਅਤ ਮੁਤਾਬਕ ਹੀ ਹੁੰਦੀ ਹੈ। ਪੇਂਡੂ ਖੇਤਰ 'ਚ ਨਿਰਬਾਹੀ ਕਿਸਮ ਦੀ ਮਿਹਨਤ ਮਜ਼ਦੂਰੀ ਦੇ ਕੰਮ ਦਾ ਬੋਝ ਗਰੀਬ ਦਲਿਤ ਪਰਿਵਾਰਾਂ ਦੀਆਂ ਔਰਤਾਂ ਸਿਰ ਡਿੱਗਦਾ ਹੈ ਤੇ ਵੱਡੇ ਘਰਾਂ ਦੀਆਂ ਔਰਤਾਂ ਦੇ ਕੰਮ ਨਾ ਕਰਨ ਨੂੰ ਸ਼ਾਨ ਸਮਝਿਆ ਜਾਂਦਾ ਹੈ। ਔਰਤਾਂ ਦੇ ਕੰਮ ਦੀ ਕਿਸਮ ਤੇ ਉਹਨਾਂ ਦੇ ਪਰਿਵਾਰ ਦੀ ਹੈਸੀਅਤ ਦਾ ਸਿੱਧਾ ਅਨੁਪਾਤੀ ਰਿਸ਼ਤਾ ਹੁੰਦਾ ਹੈ। ਗਰੀਬ ਦਲਿਤ ਪਰਿਵਾਰਾਂ ਦੀਆਂ ਔਰਤਾਂ ਦੇ ਅਨਪੜ੍ਹ ਤੇ ਗੈਰ-ਸਿੱਖਿਅਤ ਹੋਣ ਕਰਕੇ ਉਹਨਾਂ ਲਈ ਕੰਮ ਦੀ ਕਿਸਮ ਦੀ ਚੋਣ ਦਾ ਸੁਆਲ ਨਹੀਂ ਸਗੋਂ ਜੀਵਨ ਨਿਰਬਾਹ ਦਾ ਸੁਆਲ ਮੁੱਖ ਹੁੰਦਾ ਹੈ। ਕਈ ਵਾਰ ਤਾਂ ਉਹ ਪਰਿਵਾਰ ਦੀਆਂ ਮੁੱਖ ਕਮਾਊ ਹੁੰਦੀਆਂ ਹਨ, ਪਰ ਫਿਰ ਵੀ ਸਮਾਜਕ ਪ੍ਰੰਪਰਾਵਾਂ ਤੇ ਮਾਨਤਾਵਾਂ ਮੁਤਾਬਕ ਮਰਦ ਨੂੰ ਹੀ ਪਰਿਵਾਰ ਦਾ ਮੁੱਖ ਕਮਾਊ ਸਮਝਿਆ ਜਾਂਦਾ ਹੈ। ਅਨਪੜ੍ਹਤਾ ਤੇ ਗੈਰਸਿੱਖਿਅਤ ਹੋਣ ਕਰਕੇ ਇਹਨਾਂ ਵਰਗਾਂ ਦੀਆਂ ਔਰਤਾਂ ਲਈ ਚੰਗੇ ਰੁਜ਼ਗਾਰ 'ਚ ਥਾਂ ਬਣਾ ਸਕਣਾ ਲਗਭਗ ਅਸੰਭਵ ਹੈ।

ਦੂਸਰੇ ਪਾਸੇ ਮੱਧਵਰਗੀ ਤੇ ਵੱਡੇ ਘਰਾਂ ਦੀਆਂ ਔਰਤਾਂ ਅੱਜ ਦੇ ਖਪਤਕਾਰੀ ਦੌਰ 'ਚ ਪਰਿਵਾਰ ਦੇ ਆਰਥਕ ਪੱਧਰ ਨੂੰ ਉੱਚਾ ਚੁੱਕਣ ਜਾਂ ਵਧ ਰਹੀ ਮਹਿੰਗਾਈ ਦੀ ਮਾਰ ਤੋਂ ਬਚਾਉਣ ਲਈ ਨੌਕਰੀ ਪੇਸ਼ੇ 'ਚ ਆ ਰਹੀਆਂ ਹਨ। ਇਹਨਾਂ ਔਰਤਾਂ 'ਚ ਸਿੱਖਿਆ ਦੇ ਫੈਲਣ ਨਾਲ਼ ਨੌਕਰੀ ਪੇਸ਼ੇ 'ਚ ਕਈ ਤਰ੍ਹਾਂ ਦੇ ਮੌਕੇ ਪੈਦਾ ਹੋਏ ਹਨ। ਪਰ ਇੱਥੇ ਵੀ ਲਿੰਗ ਅਧਾਰਤ ਵਖਰੇਵਿਆਂ, ਪ੍ਰੰਪਰਾਵਾਂ ਤੇ ਮਾਨਤਾਵਾਂ ਕਰਕੇ ਤੇ ਉਸ ਤੋਂ ਵੀ ਵੱਧ, ਕਿਰਤ ਮੰਡੀ 'ਚ ਬੇਰੁਜ਼ਗਾਰਾਂ ਦੀ ਫੌਜ ਕਾਰਨ ਤੇ ਘਰੇਲੂ ਕੰਮ ਔਰਤਾਂ ਦੀ ਮੁੱਖ ਜ਼ੁਮੇਵਾਰੀ ਹੋਣ ਕਰਕੇ, ਇਹਨਾਂ ਵੱਧ ਪੜ੍ਹੀਆਂ ਲਿਖੀਆਂ ਔਰਤਾਂ ਲਈ ਵੀ ਰੁਜ਼ਗਾਰ ਦਾ ਮੌਕੇ ਘਟਦੇ ਜਾ ਰਹੇ ਹਨ। ਉਹਨਾਂ ਨੂੰ ਖਾਸ ਕਿਸਮ ਦੇ ਪੇਸ਼ਿਆਂ 'ਚ ਹੀ ਵੱਧ ਨੁਮਾਇੰਦਗੀ ਮਿਲ਼ਦੀ ਹੈ, ਜਿਵੇਂ ਕਿ ਕਲਰਕੀ, ਅਧਿਆਪਨ ਤੇ ਨਰਸਿੰਗ ਵਗੈਰਾ। ਉੱਚ ਪੱਧਰੀ ਤਕਨੀਕੀ ਕਿਸਮ ਦੇ ਕਿੱਤਿਆ ਤੇ ਪ੍ਰਸ਼ਾਸਕੀ ਕਿਸਮ ਦੇ ਵੱਡੇ ਰੁਤਬਿਆਂ 'ਚ ਔਰਤਾਂ ਨੂੰ ਬਹੁੱਤ ਘੱਟ ਥਾਂ ਮਿਲ਼ਦੀ ਹੈ। ਭਾਵੇਂ ਕਿ ਅੱਜ ਇਹ ਹਾਲਤ ਬਦਲ ਰਹੀ ਹੈ। ਪਰ ਇਹਨਾਂ ਕਿੱਤਿਆਂ ਨੂੰ ਹਾਸਲ ਕਰਨ ਲਈ ਔਰਤਾਂ ਨੂੰ ਮਰਦਾਂ ਨਾਲ਼ੋਂ ਕਿੱਤੇ ਵੱਧ ਮਿਹਨਤ ਕਰਨੀ ਪੈਂਦੀ ਹੈ ਤੇ ਅਪਣੇ ਆਪ ਨੂੰ ਵਾਰ ਵਾਰ ਵੱਧ ਕਾਬਿਲ ਸਾਬਿਤ ਕਰਨਾ ਪੈਂਦਾ ਹੈ। ਇਹਨਾਂ ਕਿੱਤਿਆਂ 'ਚ ਦਾਖਲਾ ਹਾਸਲ ਕਰਨ ਲਈ ਔਰਤਾਂ ਨੂੰ ਬਹੁਤ ਸੰਘਰਸ਼ ਕਰਨਾ ਪੈਂਦਾ ਹੈ। ਇਹਨਾਂ ਕਿੱਤਿਆਂ 'ਚ ਬੇਸ਼ੱਕ ਉਹਨਾਂ ਨਾਲ਼ ਉਜਰਤਾਂ 'ਚ ਗੈਰ-ਬਰਾਬਰਤਾ ਨਹੀਂ ਹੁੰਦੀ, ਪਰ ਇੱਥੇ ਵੀ ਉਹਨਾਂ ਨੂੰ ਲਿੰਗ ਅਧਾਰਤ ਭੇਦਭਾਵ ਝੱਲਣਾ ਪੈਂਦਾ ਹੈ।

ਵਧ ਰਹੇ ਸਨੱਅਤ ਦੇ ਆਧੁਨਿਕੀਕਰਨ ਨੇ ਜਿੱਥੇ ਔਰਤਾਂ ਦੇ ਇੱਕ ਛੋਟੇ ਪੜ੍ਹੇ-ਲਿਖੇ ਤੇ ਵੱਧ ਸਿੱਖਿਅਤ ਹਿੱਸੇ ਲਈ ਕੰਮ ਦੇ ਵਧੀਆ ਮੌਕੇ ਪੈਦਾ ਕੀਤੇ ਹਨ ਉੱਥੇ ਇਸ ਨੇ ਔਰਤਾਂ ਦੇ ਵੱਡੇ ਅਨਪੜ੍ਹ ਤੇ ਗੈਰ ਸਿੱਖਿਅਤ ਹਿੱਸੇ ਲਈ ਕੰਮ ਦੇ ਮੌਕੇ ਘਟਾਏ ਹਨ। ਜਿਵੇਂ ਕਿ ਕੱਪੜਾ ਸੱਨਅਤ, ਜੂਟ ਤੇ ਖਾਣਾਂ 'ਚ ਔਰਤਾਂ ਦਾ ਪਹਿਲਾਂ ਜਿਹੜਾ ਵੱਡਾ ਹਿੱਸਾ ਕੰਮ ਕਰਦਾ ਸੀ, ਉਸ


www.punjabilibrary.com

ਲਈ ਹੁਣ ਵਧ ਰਹੇ ਅਧੁਨਿਕੀਕਰਨ ਕਾਰਨ ਮੌਕੇ ਘਟੇ ਹਨ। ਇਹੋ ਕਾਰਨ ਹੈ ਕਿ 1951 'ਚ ਔਰਤਾਂ ਦਾ ਇੱਕ ਤਿਹਾਈ ਹਿੱਸਾ ਖੇਤੀਬਾੜੀ ਸੈਕਟਰ 'ਚ ਕੰਮ 'ਤੇ ਲੱਗਾ ਹੋਇਆ ਸੀ, ਪਰ ਤਾਜ਼ੇ ਅੰਕੜਿਆਂ ਮੁਤਾਬਕ 1/2 ਹਿੱਸਾ ਖੇਤੀਬਾੜੀ ਸੈਕਟਰ 'ਚ ਹੈ। ਤਾਜ਼ੇ ਅੰਕੜਿਆਂ ਮੁਤਾਬਿਕ ਹੀ 14% ਔਰਤਾਂ ਉਜਰਤੀ ਮਜ਼ਦੂਰ ਹਨ। ਪਰ ਉਹ ਅੰਕੜੇ ਪੂਰੀ ਤਰ੍ਹਾਂ ਸਹੀ ਨਹੀਂ ਜਾਪਦੇ, ਕਿਉਂਕਿ ਅੰਕੜੇ ਇੱਕਠੇ ਕਰਨ ਵਾਲਿਆਂ ਦੇ ਮਾਪਦੰਡ ਮੁਤਾਬਕ ਔਰਤਾਂ ਦੇ ਬਹੁਤ ਸਾਰੇ ਕੰਮ, ਕੰਮ ਹੀ ਨਹੀਂ ਬਣਦੇ। ਇਸ ਕਰਕੇ ਔਰਤਾਂ ਦਾ 14% ਤੋਂ ਵੀ ਵੱਧ ਹਿੱਸਾ ਉਜਰਤੀ ਮਜ਼ਦੂਰਾਂ 'ਚ ਆਉਂਦਾ ਹੈ। ਉਜਰਤੀ ਮਜ਼ਦੂਰਾਂ ਦਾ 87% ਪਿੰਡਾਂ ਤੇ ਸ਼ਹਿਰਾਂ ਦੇ ਗੈਰ-ਜਥੇਬੰਦਕ ਸੈਕਟਰ 'ਚ ਕੰਮ ਕਰਦਾ ਹੈ। ਭਾਰਤੀ ਖੇਤੀਬਾੜੀ ਦਾ ਕੰਮ ਔਰਤਾਂ ਦੀ ਉਜਰਤੀ ਤੇ ਗੈਰ-ਉਜਰਤੀ ਮਜ਼ਦੂਰਾਂ ਤੋਂ ਬਿਨਾਂ ਚੱਲ ਹੀ ਨਹੀਂ ਸਕਦਾ। ਪਰ ਇਸ ਖੇਤਰ 'ਚ ਵੀ ਔਰਤਾਂ ਨਾਲ਼ ਲਿੰਗ-ਅਧਾਰਤ ਭੇਦਭਾਵ ਬਹੁਤ ਹੁੰਦਾ ਹੈ। ਔਰਤਾਂ ਦੇ ਹਿੱਸੇ ਵਧ ਔਖੇ, ਵੱਧ ਮਿਹਨਤ ਚੂਸਣ ਵਾਲ਼ੇ ਪਰ ਘੱਟ ਉਜਰਤ ਵਾਲ਼ੇ ਕੰਮ ਆਉਂਦੇ ਹਨ। ਦੂਸਰੇ ਪਾਸੇ ਸੱਨਅਤੀ ਖੇਤਰ ਜਿਵੇਂ ਤੰਬਾਕੂ ਇੰਡਸਟਰੀ 'ਚ ਬੀੜੀਆਂ ਬਣਾਉਣ ਦਾ ਕੰਮ, ਇਮਾਰਤ ਉਸਾਰੀ 'ਚ ਮਿਟੀ-ਗਾਰਾ ਢੋਣ ਦਾ ਕੰਮ ਤੇ ਮਿੱਲਾਂ 'ਚ ਵੀ ਗੈਰ ਹੁਨਰਮੰਦ ਕਾਮਿਆਂ ਵਾਲ਼ਾ ਕੰਮ ਜ਼ਿਆਦਾਤਰ ਔਰਤਾਂ ਦੇ ਹਿੱਸੇ ਆਉਂਦਾ ਹੈ। ਸੱਨਅਤੀ ਖੇਤਰ 'ਚ ਔਰਤਾਂ ਨੂੰ ਕੰਮ ਮਿਲਣਾ ਸੱਨਅਤ ਦੀਆਂ ਲੋੜਾਂ 'ਤੇ, ਯਾਨਿ ਉਹਨਾਂ ਨੂੰ ਕਿੰਨੇ ਕੁ ਮਜ਼ਦੂਰ ਚਾਹੀਦੇ ਹਨ, ਨਿਰਭਰ ਕਰਦਾ ਹੈ। ਜ਼ਿਆਦਾਤਰ ਤਾਂ ਔਰਤਾਂ ਦਾ ਤਬਕਾ ਬੇਰੁਜ਼ਗਾਰਾਂ ਦੀ ਫੌਜ ਦੇ ਤੌਰ 'ਤੇ ਹੀ ਰਹਿੰਦਾ ਹੈ, ਜਿਸ ਨੂੰ ਵਿਸ਼ੇਸ਼ ਹਾਲਤਾਂ 'ਚ ਹੀ ਕੰਮ ਮਿਲ਼ਦਾ ਹੈ। ਜਦੋਂ ਵੀ ਇਸ ਨਿਜ਼ਾਮ 'ਚ ਆਰਥਿਕ ਸੰਕਟ ਆਉਂਦੇ ਹਨ ਜਾਂ ਕੋਈ ਹੋਰ ਕਾਰਨਾਂ ਕਰਕੇ ਮਜ਼ਦੂਰਾਂ ਦੀ ਛਾਂਟੀ ਕਰਨੀ ਪੈਂਦੀ ਹੈ ਤਾਂ ਸਭ ਤੋਂ ਪਹਿਲਾਂ ਇਸ ਦੀ ਮਾਰ ਹੇਠ ਔਰਤਾਂ ਹੀ ਆਉਂਦੀਆਂ ਹਨ। ਮਰਦ ਪ੍ਰਧਾਨ, ਪਿਤਾਪੁਰਖੀ, ਪਿਛਾਂਹਖਿੱਚੂ ਕਦਰਾਂ-ਕੀਮਤਾਂ 'ਤੇ ਉੱਸਰੇ ਇਸ ਸਮਾਜ 'ਚ ਪਾਈ ਜਾਂਦੀ ਇਹ ਸੋਚ ਕਿ ਔਰਤਾਂ ਦੀ ਅਸਲੀ ਜਗ੍ਹਾ ਤਾਂ ਘਰ ਹੀ ਹੈ, ਜਦੋਂ ਮਰਦ ਬੇਕਾਰ ਹਨ ਤਾਂ ਔਰਤਾਂ ਨੂੰ ਕੰਮ ਦੇਣ ਦੀ ਕੀ ਲੋੜ ਹੈ- ਔਰਤਾਂ ਦੀ ਛਾਂਟੀ ਨੂੰ ਵਾਜਬੀਅਤ ਪ੍ਰਦਾਨ ਕਰਦੀ ਹੈ।

ਇਹ ਗੈਰ-ਜਥੇਬੰਦਕ ਖੇਤਰ ਉਹ ਖੇਤਰ ਹੈ ਜਿੱਥੇ ਭਾਰਤ ਸਰਕਾਰ ਵੱਲੋਂ ਬਣਾਏ "ਕਿਰਤ ਕਨੂੰਨ" ਲਾਗੂ ਨਹੀਂ ਹੁੰਦੇ। ਨਾ ਤਾਂ ਬਰਾਬਰ ਕੰਮ ਦੀ ਬਰਾਬਰ ਤਨਖਾਹ ਮਿਲ਼ਦੀ ਹੈ, ਨਾ ਪ੍ਰਸੂਤਾ ਛੁੱਟੀ। ਉੱਪਰੋਂ ਹਰ ਵੇਲ਼ੇ ਨੌਕਰਿਉਂ ਜੁਆਬ ਮਿਲਣ ਦਾ ਖਦਸ਼ਾ ਤੇ ਲਿੰਗਕ ਹਿੰਸਾ ਦਾ ਡਰ। ਇਹ ਨੇ ਕੰਮ ਦੀਆਂ ਹਾਲਤਾਂ ਜੋ ਸਰਮਾਏਦਾਰੀ ਸਮਾਜ ਔਰਤਾਂ ਲਈ ਮੁੱਹਈਆ ਕਰਦਾ ਹੈ, ਇੱਕ ਪਾਸੇ ਮੰਡੀ 'ਚ ਉਹਨਾਂ ਦੀ ਮਿਹਨਤ ਨੂੰ ਸਸਤੀ ਮਿਹਨਤ ਦੇ ਤੌਰ 'ਤੇ ਦੋਵੇਂ ਹੱਥੀ ਲੁੱਟਦਾ ਹੈ ਤੇ ਦੂਸਰੇ ਪਾਸੇ ਘਰੇਲੂ ਕੰਮ ਪੂਰੀ ਤਰ੍ਹਾਂ ਔਰਤਾਂ 'ਤੇ ਠੋਸ ਕੇ ਉਹਨਾਂ ਦੀ ਗੁਲਾਮੀ ਦੇ ਅਧਾਰ ਨੂੰ ਪੱਕੇ ਪੈਰੀਂ ਕਰਦਾ ਹੈ। ਬੇਸ਼ੱਕ ਸਮਾਜਕ ਪੈਦਾਵਾਰੀ ਅਮਲ 'ਚ ਔਰਤਾਂ ਦੀ ਹਿੱਸੇਦਾਰੀ ਨੇ ਜਿੱਥੇ ਇੱਕ ਪਾਸੇ ਉਹਨਾਂ ਦੀ ਸਮਾਜਕ ਹੈਸੀਅਤ 'ਚ ਕੁੱਝ ਹੱਦ ਤੱਕ


www.punjabilibrary.com

ਬਿਹਤਰੀ ਲਿਆਂਦੀ ਹੈ ਉਥੇ ਦੂਸਰੇ ਪਾਸੇ ਇਸ ਨੇ ਇਹਨਾਂ ਉਪਰ ਕੰਮ ਦਾ ਵਾਧੂ ਭਾਰ ਲੱਦਿਆ ਹੈ। ਕਿਉਂਕਿ ਨੌਕਰੀ ਪੇਸ਼ੇ ਦੇ ਨਾਲ਼-ਨਾਲ਼ ਅੱਜ ਵੀ ਘਰੇਲੂ ਕੰਮ ਜੋ ਸ਼ੁਰੂ ਤੋਂ ਹੀ ਔਰਤ ਦੀ ਜ਼ੁੰਮੇਵਾਰੀ ਹੈ, ਉਵੇਂ ਹੀ ਉਸ ਦੀ ਮੁੱਖ ਜ਼ੁੰਮੇਵਾਰੀ ਹਨ। ਅੱਜ ਵੀ ਕੰਮ ਤੋਂ ਪਰਤ ਕੇ ਘਰੇਲੂ ਕੰਮ ਚੁੱਲ੍ਹਾ-ਚੌਂਕਾ ਸਾਂਭਣਾ, ਬੱਚਿਆ ਦੀ ਦੇਖ-ਭਾਲ਼ ਕਰਨਾ ਵਗੈਰਾ ਉਸੇ ਦੀ ਹੀ ਜ਼ੁੰਮੇਵਾਰੀ ਹਨ। ਉਸ ਨੂੰ ਘਰੇਲੂ ਕੰਮਾਂ ਤੋਂ ਆਪਣੇ ਕੈਰੀਅਰ ਨੂੰ ਕੁਰਬਾਨ ਕਰਨਾ ਪੈਂਦਾ ਹੈ। ਉਹ ਨੌਕਰੀ ਦੌਰਾਨ ਆਪਣੇ ਕਿੱਤੇ 'ਚ ਮੁਹਾਰਤ ਹਾਸਲ ਕਰਨ ਜਾਂ ਤਰੱਕੀ ਦੇ ਮੌਕਿਆ ਨੂੰ ਲੈਣ ਤੋਂ ਇਸ ਲਈ ਘਬਰਾਉਂਦੀ ਹੈ ਕਿ ਕਿਤੇ ਇਹ ਕੋਈ ਉਸ ਦੇ ਬਣੇ ਬਣਾਏ ਘਰ ਨੂੰ ਖਰਾਬ ਨਾ ਕਰੇ। ਇਸ ਤਰ੍ਹਾਂ ਕਿਰਤ ਮੰਡੀ 'ਚ ਉਸ ਦੀ ਥਾਂ ਹੇਠਲੇ ਦਰਜੇ ਦੇ ਕਾਮੇ ਦੀ ਰਹਿ ਜਾਂਦੀ ਹੈ ਜੋ ਮੋੜਵੇਂ ਰੂਪ 'ਚ ਸਮਾਜ 'ਚ ਉਸ ਦੀ ਹੈਸੀਅਤ ਉੱਪਰ ਫਰਕ ਪਾਉਂਦੀ ਹੈ। ਦੂਸਰੇ ਪਾਸੇ ਕੰਮ ਦਾ ਦੂਹਰਾ ਬੋਝ ਉਸ ਲਈ ਕਈ ਤਰ੍ਹਾਂ ਦੀਆਂ ਮਾਨਸਿਕ ਤੇ ਸਰੀਰਕ ਸਮੱਸਿਆਵਾਂ ਨੂੰ ਜਨਮ ਦਿੰਦਾ ਹੈ।

ਸਰਮਾਏਦਾਰੀ ਦੇ ਆਉਣ ਨਾਲ਼, ਉਜਰਤੀ ਕਿਰਤ ਦੇ ਵਾਧੇ ਨਾਲ਼ ਲੋਕ ਕੰਮਾਂ ਕਾਰਾਂ ਦੀ ਤਲਾਸ਼ 'ਚ ਅਪਣੀਆਂ ਜੱਦੀ ਥਾਵਾਂ, ਜਿਨ੍ਹਾਂ ਨਾਲ਼ ਉਹ ਪੀੜ੍ਹੀ ਦਰ ਪੀੜ੍ਹੀ ਬੱਝੇ ਰਹਿੰਦੇ ਸਨ, ਨੂੰ ਛੱਡ ਕੇ ਅੱਜ ਦੂਸਰੀਆਂ ਅਜਨਬੀ ਥਾਵਾਂ ਵੱਲ ਚੱਲੇ ਜਾਂਦੇ ਹਨ। ਇਹਨਾਂ ਤੇ ਅਜਿਹੇ ਹੀ ਕੁੱਝ ਹੋਰ ਆਰਥਿਕ ਕਾਰਨਾਂ ਨੇ ਪਰਿਵਾਰਕ ਸੰਸਥਾ 'ਚ ਵੀ ਮਹੱਤਵਪੂਰਨ ਤਬਦੀਲੀਆਂ ਲਿਆਦੀਆਂ ਹਨ। ਹੁਣ ਪਹਿਲਾ ਦੇ ਵੱਡੇ ਸਾਂਝੇ ਪਰਿਵਾਰ ਟੁੱਟ ਕੇ ਛੋਟੇ ਪਰਿਵਾਰ ਹੋਂਦ 'ਚ ਆ ਰਹੇ ਹਨ। ਛੋਟੇ ਪਰਿਵਾਰਾਂ ਦੇ ਇਸ ਵਰਤਾਰੇ ਨੇ ਜਿੱਥੇ ਇੱਕ ਹੱਦ ਤੱਕ ਪੁਰਾਣੀਆਂ ਪ੍ਰੰਪਰਾਵਾਂ ਨੂੰ ਤੇ ਮਾਨਤਾਵਾਂ ਨੂੰ ਤੋੜ ਕੇ ਔਰਤ ਨੂੰ ਕੁੱਝ ਹੱਦ ਤੱਕ ਅਜ਼ਾਦ ਕੀਤਾ ਹੈ, ਪਰਿਵਾਰ 'ਚ ਪਹਿਲਾਂ ਨਾਲ਼ੋਂ ਉਸ ਦੀ ਹਾਲਤ 'ਚ ਸੁਧਾਰ ਲਿਆਂਦਾ ਹੈ, ਉਸ ਦੇ ਕਹੇ-ਸੁਣੇ ਜਾਣ ਦੀ ਵੁੱਕਤ ਬਣਾਈ ਹੈ, ਉੱਥੇ ਦੂਸਰੇ ਪਾਸੇ ਇਸ ਵਰਤਾਰੇ ਨੇ ਇਸ ਲਈ ਨਵੀਂ ਕਿਸਮ ਦੀਆਂ ਸੱਮਸਿਆਵਾਂ ਨੂੰ ਵੀ ਜਨਮ ਦਿੱਤਾ ਹੈ। ਹੁਣ ਘਰ ਦੇ ਸਾਰੇ ਘਰ ਦਾ ਬੋਝ ਉਸ ਕੰਮ ਇਕੱਲੀ ਉੱਤੇ ਆ ਡਿੱਗਾ ਹੈ— ਜਿਵੇਂ ਪਹਿਲਾਂ ਬੱਚਿਆਂ ਦੀ ਸਾਂਭ-ਸੰਭਾਈ ਦਾ ਕੰਮ, ਜਿਸ 'ਚ ਪਹਿਲਾਂ ਘਰ ਦੇ ਬਜੁਰਗ ਤੇ ਵੱਡੇ ਬੱਚੇ ਮਦੱਦ ਕਰਿਆ ਕਰਦੇ ਸਨ, ਹੁਣ ਉਸ ਇੱਕਲੀ ਦੀ ਜ਼ੁੰਮੇਵਾਰੀ ਬਣ ਗਿਆ ਹੈ। ਇਸੇ ਤਰ੍ਹਾਂ ਰੋਟੀ-ਟੁੱਕ ਦੇ ਮਾਮਲੇ 'ਚ ਹੁਣ ਕੋਈ ਮਦਦ ਕਰਨ ਵਾਲ਼ਾ ਨਹੀਂ ਹੁੰਦਾ। ਨੌਕਰੀ ਪੇਸ਼ੇ ਦੇ ਨਾਲ਼ ਨਾਲ਼ ਘਰ ਪਰਿਵਾਰ ਦੀ ਵਧੀ ਹੋਈ ਜ਼ੁੰਮੇਵਾਰੀ ਇੱਕਲੇ ਉਠਾਉਣ ਨੇ ਕਈ ਤਰ੍ਹਾਂ ਦੀਆਂ ਮਾਨਸਿਕ ਤੇ ਸਰੀਰਕ ਪ੍ਰੇਸ਼ਾਨੀਆਂ ਨੂੰ ਵੀ ਜਨਮ ਦਿੱਤਾ ਹੈ।

ਇਹ ਤਸਵੀਰ ਤਾਂ ਸੀ ਉਜਰਤੀ ਕਿਰਤ 'ਚ ਲੱਗੇ ਔਰਤਾਂ ਦੇ ਇੱਕ ਹਿੱਸੇ ਦੀ। ਪਰ ਅੱਜੇ ਵੀ ਔਰਤਾਂ ਦਾ ਇੱਕ ਵੱਡਾ ਹਿੱਸਾ ਉਜਰਤੀ ਕਿਰਤ ਤੋਂ ਬਾਹਰ ਘਰਾਂ ਦੀ ਚਾਰਦਿਵਾਰੀ ਅੰਦਰ ਹੀ ਸਿਰਫ਼ ਘਰੇਲੂ ਕੰਮੀਂ ਧੰਦੀਂ ਲੱਗਾ ਹੋਇਆ ਹੈ। ਉਹਨਾਂ ਦੀ ਜ਼ਿੰਦਗੀ ਉੱਪਰ ਇਹ ਸਮਾਜਕ ਆਰਥਕ ਪ੍ਰਬੰਧ ਕੀ ਅਸਰ ਪਾਉਂਦਾ ਹੈ। ਇਸ ਨੂੰ ਵੇਖਣਾ ਵੀ ਜ਼ਰੂਰੀ ਹੈ।

ਸਾਨੂੰ ਅਕਸਰ ਸਕੂਲਾਂ 'ਚ ਪਰਿਵਾਰ ਦੀ ਪਵਿੱਤਰਤਾ ਬਾਰੇ, ਪਤੀ-ਪਤਨੀ ਤੇ


www.punjabilibrary.com

ਬੱਚਿੱਆਂ ਦੇ ਰਿਸ਼ਤਿਆਂ ਦੇ ਭਾਵਨਾਤਮਕ ਪੱਖਾਂ 'ਤੇ ਜ਼ੋਰ ਦੇ ਕੇ ਪੜ੍ਹਾਇਆ ਜਾਂਦਾ ਹੈ। ਬੇਸ਼ੱਕ ਬੰਦਾ ਪਰਿਵਾਰ 'ਚ ਅਪਣੀਆਂ ਭਾਵਨਾਵਾਂ ਤੇ ਰਿਸ਼ਤਿਆਂ ਦੇ ਨਿੱਘ 'ਚ ਬੱਝਾ ਹੁੰਦਾ ਹੈ ਪਰ ਫਿਰ ਵੀ ਪਰਿਵਾਰ ਮੁੱਖ ਰੂਪ 'ਚ ਉਸ ਸਮਾਜ ਵਿਸ਼ੇਸ਼ ਦੀ ਆਰਥਕ ਇਕਾਈ ਤੌਰ 'ਤੇ ਹੀ ਕੰਮ ਕਰਦਾ ਹੈ। ਜਿਵੇਂ ਕਿ ਅਸੀਂ ਪਿੱਛੇ ਵੇਖਿਆ ਸੀ, ਪਰਿਵਾਰ ਹੋਂਦ 'ਚ ਹੀ ਆਰਥਕ ਇਕਾਈ ਤੌਰ 'ਤੇ ਆਇਆ ਸੀ। ਉਜਰਤੀ ਮਜ਼ਦੂਰ ਅਪਣੀ ਮਜ਼ਦੂਰੀ ਨਾਲ਼ ਸਿਰਫ਼ ਅਪਣਾ ਹੀ ਨਹੀਂ ਸਗੋਂ ਅਪਣੀ ਪਤਨੀ ਤੇ ਬੱਚਿਆ ਦਾ ਪੇਟ ਵੀ ਪਾਲ਼ਦਾ ਹੈ। ਇਸ ਤਰ੍ਹਾਂ ਮਜ਼ਦੂਰਾਂ ਦੀ ਅਗਲੀ ਪੀੜ੍ਹੀ ਵੀ ਤਿਆਰ ਕਰਦਾ ਹੈ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਇਹ ਪ੍ਰਬੰਧ ਇੱਕ ਦੀ ਉਜਰਤ ਨਾਲ਼ ਦੋਵਾਂ, ਯਾਨਿ ਪਤੀ-ਪਤਨੀ ਦੀ ਕਿਰਤ ਸ਼ਕਤੀ ਨੂੰ ਖ਼੍ਰੀਦਦਾ ਹੈ। ਜਦੋਂ ਕੋਈ ਪਰਿਵਾਰ ਟੁੱਟਦਾ ਹੈ ਤਾਂ ਪਤੀ ਨੂੰ ਅਪਣੀ ਸਾਬਕਾ ਬੀਵੀ ਤੇ ਬੱਚਿਆਂ ਨੂੰ ਖਰਚਾ ਦੇਣਾ ਪੈਂਦਾ ਹੈ। ਫਿਰ ਉਹ ਅਪਣੀ ਘੱਟ ਰਹਿ ਗਈ ਆਮਦਨ ਨਾਲ਼ ਦੋ ਪਰਿਵਾਰਾਂ ਨੂੰ ਚਲਾ ਨਹੀਂ ਸਕਦਾ, ਜਿਸ ਕਰਕੇ ਉਸ ਦੀਆਂ ਭਾਵਨਾਤਮਕ ਲੋੜਾਂ ਨੂੰ ਆਰਥਕ ਲੋੜਾਂ ਤੋਂ ਕੁਰਬਾਨ ਹੋਣਾ ਪੈਂਦਾ ਹੈ।.. ਤੇ ਇਹ ਗੱਲ ਵਿਖਾਉਂਦੀ ਹੈ ਕਿ ਪਰਿਵਾਰ ਪਹਿਲਾਂ ਇੱਕ ਆਰਥਕ ਇਕਾਈ ਹੈ ਪਿੱਛੋਂ ਕੁੱਝ ਹੋਰ। **ਸਰਮਾਏਦਾਰਾ ਸਮਾਜ 'ਚ ਛੋਟੇ ਪਰਿਵਾਰ ਦਾ ਇੱਕ ਆਰਥਿਕ ਇਕਾਈ ਹੋਣਾ ਇਸ ਪ੍ਰਬੰਧ ਲਈ ਬੜਾ ਲਾਹੇਵੰਦਾ ਹੈ। ਕਿਉਂਕਿ ਇੱਕ ਤਾਂ ਇਸ ਤਰ੍ਹਾਂ ਉਹ ਇੱਕ ਨੂੰ ਵੀ ਪੂਰੀ ਉਜਰਤ ਨਾ ਦੇ ਕੇ ਦੋ ਜਾਣਿਆ ਦੀ ਮਿਹਨਤ ਨੂੰ ਖ਼੍ਰੀਦਦਾ ਹੈ, ਦੂਸਰਾ, ਕਿਉਂਕਿ ਘਰ ਪਰਿਵਾਰ ਦਾ ਖਰਚਾ ਪਤੀ ਦੀ ਮਿਹਨਤ ਨਾਲ਼ ਚਲਦਾ ਹੈ, ਜਿਸ ਕਰਕੇ ਮੰਡੀ 'ਚ ਅਪਣੀ ਮਿਹਨਤ ਨਾ ਵੇਚਣ ਜਾਂ ਇੱਥੋਂ ਤੱਕ ਕੀ ਪੇਸ਼ਾ ਬਦਲਣ ਤੱਕ ਦਾ ਖਤਰਾ ਵੀ ਉਹ ਵਿਅਕਤੀ ਨਹੀਂ ਲੈ ਸਕਦਾ। ਦੂਸਰੇ ਪਾਸੇ ਔਰਤ ਦਾ ਮੰਡੀ 'ਚ ਸਿੱਧੀ ਥਾਂ ਨਾ ਹੋਣ ਕਰਕੇ ਉਸਦਾ ਅਪਣਾ ਨਿੱਜੀ ਜ਼ਿੰਦਗੀ ਦੀਆਂ ਹਾਲਤਾਂ 'ਤੇ ਕੋਈ ਕੰਟਰੋਲ ਨਹੀਂ ਹੁੰਦਾ, ਜਿਸ ਕਰਕੇ ਉਸ ਦੀ ਮਰਦ 'ਤੇ ਆਰਥਿਕ ਨਿਰਭਰਤਾ ਬਣਦੀ ਹੈ ਜੋ ਕਿ ਉਸਦੀ ਭਾਵਨਾਤਮਕ ਨਿਰਭਰਤਾ, ਬੇਵਾਸਤਗੀ ਤੇ ਹੋਰ ਨਾਰੀ ਸੁਭਾ ਵਰਗੀਆਂ ਗੱਲਾਂ 'ਚ ਦਿਸਦੀ ਹੈ।** ਇਸੇ ਕਰਕੇ ਉਹ ਡਰੀ, ਦਬੀ, ਰੂੜੀਵਾਦੀ ਤੇ 'ਜੋ ਹੈ ਠੀਕ ਹੈ' ਦੀ ਹਮਾਇਤੀ ਹੁੰਦੀ ਹੈ। ਇਸ ਕਰਕੇ ਅਕਸਰ ਉਹ ਬਹੁਤ ਤਸੀਹੇ, ਦਾਬਾ ਤੇ ਮਾਨਸਿਕ ਪੀੜਾ ਝੱਲਦੀ ਹੋਈ ਵੀ ਵਿਆਹ ਦੇ ਬੰਧਨ ਤੋੜ ਕੇ ਅਲੱਗ ਹੋਣ ਬਾਰੇ ਸੋਚ ਹੀ ਨਹੀਂ ਸਕਦੀ।

## ਮੁਕਤੀ ਦਾ ਰਾਹ ਕੀ ਹੈ ?

ਹੁਣ ਵੇਖਣ ਵਾਲ਼ੀ ਗੱਲ ਇਹ ਹੈ ਕਿ ਸਮਾਜ ਦੇ ਆਰਥਕ ਅਧਾਰ 'ਚ ਅਜਿਹੀਆਂ ਕੀ ਤਬਦੀਲੀਆਂ ਆਉਣ ਤਾਂ ਜੋ ਔਰਤਾਂ ਦੀ ਜ਼ਿੰਦਗੀ ਦੀਆਂ ਹਾਲਤਾਂ ਬਦਲਣ। ਇਸ ਲਈ ਸਭ ਤੋਂ ਪਹਿਲੀ ਸ਼ਰਤ ਇਹ ਹੈ ਕਿ ਉਹਨਾਂ ਨੂੰ ਸਮਾਜਕ ਪੈਦਾਵਾਰੀ ਅਮਲ ਨਾਲ਼ ਜੋੜਿਆ ਜਾਵੇ ਤੇ ਉਹਨਾਂ ਨੂੰ ਘਰੇਲੂ ਕੰਮਾਂ ਕਾਰਾਂ ਦੇ ਬੋਝ ਤੋਂ ਅਜ਼ਾਦ ਕੀਤਾ ਜਾਵੇ। ਕਹਿਣ ਦਾ ਭਾਵ ਇਹ ਹੈ ਕਿ ਸਭ ਲਈ ਰੁਜ਼ਗਾਰ ਹੋਵੇ। ਸਾਰੀਆਂ ਔਰਤਾਂ ਸਮਾਜਕ ਕਿਰਤ 'ਚ ਹਿੱਸਾ ਲੈਣ।


www.punjabilibrary.com

ਘਰੇਲੂ ਕੰਮਾਂ ਦਾ ਸਮਾਜੀਕਰਨ ਕੀਤਾ ਜਾਵੇ ਜਿਵੇਂ ਕਿ ਸਾਂਝੇ ਰਸੋਈ ਘਰ, ਕੱਪੜੇ ਧੋਣ ਲਈ ਸਾਂਝੇ ਲਾਂਡਰੀ ਪਲਾਂਟ ਆਦਿ ਤੇ ਬੱਚਿਆ ਦੀ ਪਾਲਣਾ-ਪੋਸ਼ਣਾ ਤੇ ਪੜ੍ਹਾਈ ਲਿਖਾਈ ਦੀ ਜ਼ੁੰਮੇਵਾਰੀ ਸਮਾਜ ਉਠਾਵੇ। ਯਾਨਿ ਕਿ ਸਾਰੀ ਸਮਾਜਕ ਕਿਰਤ ਨੂੰ ਸਭ ਮਿਲ਼ ਕੇ ਪੂਰਾ ਕਰਨ ਤੇ ਉਸ ਦੇ ਫਲ਼ ਨੂੰ ਕਿਰਤ ਅਨੁਸਾਰ ਸਾਰੇ ਕਿਰਤੀਆਂ (ਸਮੇਤ ਔਰਤਾਂ) 'ਚ ਵੰਡਿਆ ਜਾਵੇ।

ਪਰ ਇਹ ਸਭ ਸਰਮਾਏਦਾਰੀ ਪ੍ਰਬੰਧ 'ਚ ਸੰਭਵ ਨਹੀਂ ਹੋ ਸਕਦਾ। **ਇਹ ਪ੍ਰਬੰਧ ਤਾਂ ਔਰਤਾਂ ਨੂੰ ਤਾਂ ਕੀ ਸਾਰੇ ਮਰਦਾਂ ਨੂੰ ਵੀ ਪੂਰਨ ਰੁਜ਼ਗਾਰ ਨਹੀਂ ਦੇ ਸਕਦਾ। ਭਾਵੇਂ ਔਰਤਾਂ ਦਾ ਵੱਡਾ ਹਿੱਸਾ ਘਰੇਲੂ ਚਾਰਦਿਵਾਰੀ ਅੰਦਰ ਹੀ ਹੈ ਫਿਰ ਵੀ ਇਹ ਸਮਾਜ 'ਚ ਅੰਤਾਂ ਦੀ ਬੇਰੁਜ਼ਗਾਰੀ ਹੈ। ਪਹਿਲੀ ਹੀ ਉਜਰਤੀ ਕਿਰਤ ਸ਼ਕਤੀ ਨੂੰ ਜਦੋਂ ਇਹ ਕਿਰਤ ਮੰਡੀ ਖਪਾ ਨਹੀਂ ਸਕਦੀ ਤਾਂ ਜੋ ਸਾਰੀਆਂ ਔਰਤਾਂ ਰੁਜ਼ਗਾਰ ਮੰਗਣ ਤਾਂ ਇਹ ਪ੍ਰਬੰਧ ਕਿੱਥੋਂ ਦੇਵੇਗਾ ?** ਮੁਨਾਫੇ 'ਤੇ ਟਿਕਿਆ ਇਹ ਪ੍ਰਬੰਧ ਲੋਕਾਂ ਦੀ ਜ਼ਿੰਦਗੀ ਦੀਆਂ ਹਾਲਤਾਂ ਨੂੰ ਬਿਹਤਰ ਬਣਾਉਣ ਲਈ ਨਹੀਂ ਸਗੋਂ ਲੋਕਾਂ ਦੀ ਕਿਰਤ ਨੂੰ ਸਰਮਾਏਦਾਰਾਂ ਲਈ ਮੁਨਾਫੇ 'ਚ ਵਟਾਉਣ ਦੀ ਸੋਚ 'ਤੇ ਅਧਾਰਤ ਹੈ। ਤਦੇ ਹੀ ਤਾਂ ਇਹ ਪ੍ਰਬੰਧ ਪੁਰਾਣੀਆਂ ਪਿਛਾਖੜੀ ਪ੍ਰੰਪਰਾਵਾਂ ਨੂੰ ਪੂਰੀ ਤਰ੍ਹਾਂ ਤੋੜਨ ਦੀ ਥਾਂ ਅਪਣੇ ਹਿੱਤ 'ਚ ਪ੍ਰਚਾਰਦਾ ਹੈ ਕਿ ਔਰਤ ਦੀ ਜ਼ੁੰਮੇਵਾਰੀ ਸਮਾਜਕ ਕੰਮਾਂ 'ਚ ਥਾਂ ਬਣਾਉਣਾ ਨਹੀਂ ਸਗੋਂ ਘਰ ਪਰਿਵਾਰ ਚਲਾਉਣਾ ਹੈ ਤੇ ਉਸ ਦੀ ਜਗ੍ਹਾ ਉਸਦੇ ਘਰ ਦੀ ਚਾਰਦਿਵਾਰੀ ਅੰਦਰ ਹੈ। ਇਸ ਲਈ ਇਹ ਘਰ-ਪਰਿਵਾਰ ਨਹੀਂ ਹੈ ਜੋ ਔਰਤ ਦੀ ਸਮਾਜ 'ਚ ਤੇ ਕਿਰਤ ਦੀ ਮੰਡੀ 'ਚ ਉਸਦੀ ਨੀਵੀਂ ਹੈਸੀਅਤ ਲਈ ਜ਼ੁੰਮੇਵਾਰ ਹੈ, ਸਗੋਂ ਇਹ ਪ੍ਰਬੰਧ, ਜੋ ਬੇਰੁਜ਼ਗਾਰਾਂ ਦੀ ਫੌਜ 'ਚ ਹੋਰ ਵਾਧੇ ਦੇ ਡਰ 'ਚੋਂ ਔਰਤਾਂ ਨੂੰ ਘਰਾਂ 'ਚ ਕੈਦ ਰੱਖਣ ਦੀ ਕੋਸ਼ਿਸ਼ ਕਰਦਾ ਹੈ ਤੇ ਘਰ ਪਰਿਵਾਰ 'ਚ ਉਹਨਾਂ ਵੱਲੋਂ ਕੀਤੀ ਕਿਰਤ, ਜੋ ਕਿ ਸਮਾਜਕ ਤੌਰ 'ਤੇ ਬੇਹੱਦ ਹੀ ਲੋੜੀਂਦੀ ਹੈ, ਨੂੰ ਮਾਨਤਾ ਨਹੀਂ ਦਿੰਦਾ, ਜ਼ੁੰਮੇਵਾਰ ਹੈ।

**ਇਸ ਸਰਮਾਏਦਾਰਾ ਪ੍ਰਬੰਧ 'ਚ ਹਰ ਕਿਸਮ ਦੀ ਕਿਰਤ ਦਾ ਸਮਾਜੀਕਰਨ ਸੰਭਵ ਨਹੀਂ ਹੈ, ਇੱਥੇ ਉਹੀ ਕਿਰਤ ਮੰਡੀ 'ਚ ਵਿਕਦੀ ਹੈ ਜਿਸ ਤੋਂ ਮੁਨਾਫਾ ਕਮਾਇਆ ਜਾ ਸਕਦਾ ਹੈ ਤੇ ਜੋ ਕਿਰਤ ਮੁਨਾਫਾ ਨਹੀਂ ਦੇ ਸਕਦੀ ਉਹ ਬੇਵੁਕੱਤੀ ਹੀ ਰਹਿੰਦੀ ਹੈ। ਸਰਮਾਏਦਾਰੀ ਪ੍ਰਬੰਧ ਕਦੇ ਵੀ ਘਰੇਲੂ ਕੰਮਾਂ ਦੀ, ਖਾਸ ਤੌਰ 'ਤੇ ਬੱਚਿਆਂ ਦੀ ਪਾਲਣਾ-ਪੋਸ਼ਣਾ ਦੀ, ਜ਼ੁੰਮੇਵਾਰੀ ਨਹੀਂ ਲੈਂਦ। ਉਹ ਇਹ ਕੰਮ ਵਿਅਕਤੀ ਤੇ ਪਰਿਵਾਰ 'ਤੇ ਹੀ ਸੁਟੱਦਾ ਹੈ 'ਤੇ ਅੰਤਮ ਤੌਰ 'ਤੇ ਜਿਸਨੂੰ ਔਰਤ ਹੀ ਮੁੱਖ ਰੂਪ 'ਚ ਨਿਭਾਉਂਦੀ ਹੈ।** ਦੂਸਰੇ ਲਫ਼ਜਾ 'ਚ ਕਹਿਣਾ ਹੋਵੇ ਤਾਂ ਸਰਮਾਏਦਾਰਾ ਸਮਾਜ 'ਚ ਇਹ ਸੰਭਵ ਹੀ ਨਹੀਂ ਹੈ ਕਿ ਸਾਰੀ ਕਿਰਤ ਨੂੰ ਪੂਰੇ ਸਮਾਜ ਦੁਆਰਾ ਵੰਡ ਕੇ ਕੀਤਾ ਜਾਵੇ ਤੇ ਪੈਦਾਵਾਰ ਨੂੰ ਕਿਰਤ ਅਨੁਸਾਰ ਸਮਾਜ 'ਚ ਵੰਡ ਦਿੱਤਾ ਜਾਵੇ।

ਅਜਿਹਾ ਤਾਂ ਉਸੇ ਪ੍ਰਬੰਧ 'ਚ ਸੰਭਵ ਹੈ ਜੋ ਮੁਨਾਫੇ ਤੇ ਦੂਸਰਿਆਂ ਦੀ ਲੁੱਟ-ਖਸੁੱਟ 'ਤੇ ਅਧਾਰਤ ਨਾ ਹੋ ਕੇ ਲੋਕ ਪੱਖੀ ਹੋਵੇ। ਜਿਸ 'ਚ ਪੈਦਾਵਾਰ ਦੇ ਸਾਧਨਾਂ ਦੀ ਮਾਲਕੀ ਨਾਲ਼ ਦੂਸਰਿਆਂ ਦੀ ਮਿਹਨਤ ਦੇ ਫਲ਼ ਨੂੰ ਹੜੱਪਿਆ ਨਾ ਜਾ ਸਕਦਾ ਹੋਵੇ। ਜਿੱਥੇ ਜਿਣਸੀ ਪੈਦਾਵਾਰ


www.punjabilibrary.com

ਨੂੰ ਖਤਮ ਕਰਕੇ ਲੋਕਾਂ ਦੀ ਲੋੜਾਂ ਅਨੁਸਾਰ ਪੈਦਾਵਾਰ ਕੀਤੀ ਜਾਵੇ। ਸਿਰਫ ਉਸੇ ਸਮਾਜ 'ਚ ਹੀ ਹਰ ਕਿਸੇ ਦੀ ਮਿਹਨਤ ਦੀ ਕਦਰ ਕੀਤੀ ਜਾ ਸਕਦੀ ਹੈ ਤੇ ਲਿੰਗ ਅਧਾਰਤ ਭੇਦਭਾਵ ਖਤਮ ਕਰਕੇ ਔਰਤ ਮਰਦ ਦੀ ਸਮਾਨਤਾ 'ਤੇ ਅਧਾਰਤ ਸਮਾਜ ਉਸਾਰਿਆ ਜਾ ਸਕਦਾ ਹੈ। ਇਹੀ ਵਜ੍ਹਾ ਹੈ ਕਿ ਨਾਰੀ ਮੁਕਤੀ ਦਾ ਸੁਆਲ ਇਸ ਪ੍ਰਬੰਧ ਦੇ ਖਾਤਮੇ ਤੇ ਲੁੱਟ-ਖਸੁੱਟ ਰਹਿਤ ਸਮਾਜ ਦੀ ਉਸਾਰੀ ਨਾਲ਼ ਅਨਿੱਖੜਵੇਂ ਤੌਰ 'ਤੇ ਜੁੜਿਆ ਹੋਇਆ ਹੈ। ਇਹ ਸਿਰਫ ਆਦਰਸ਼ ਖਿਆਲ ਹੀ ਨਹੀਂ ਸਮਾਜਕ ਤਜ਼ਰਬੇ ਦੁਆਰਾ ਅਜ਼ਮਾਇਆ ਸੱਚ ਹੈ। ਇਸ ਸੱਚ ਨੂੰ ਆਮਲੀ ਜਾਮਾ ਰੂਸ ਤੇ ਚੀਨ 'ਚ ਇਨਕਲਾਬਾਂ ਰਾਹੀਂ ਸਮਾਜਵਾਦੀ ਸਮਾਜ ਦੀ ਉਸਾਰੀ ਨਾਲ਼ ਪੁਆਇਆ ਗਿਆ। ਇਹਨਾਂ ਦੇਸ਼ਾ 'ਚ ਮਨੁੱਖ ਦੀ ਲੁੱਟ ਦੇ ਅਧਾਰ ਤੇ ਮੁਨਾਫੇ ਦੇ ਪ੍ਰਬੰਧ ਨੂੰ ਖਤਮ ਕਰਕੇ ਕਿਰਤੀ ਲੋਕਾਂ ਦੀ ਸਰਦਾਰੀ ਹੇਠ ਇੱਕ ਲੋਕ ਪੱਖੀ ਪ੍ਰਬੰਧ ਕਾਇਮ ਕੀਤਾ ਗਿਆ। ਸਮਾਜ 'ਚ ਮਰਦ ਪ੍ਰਧਾਨਤਾ ਤੇ ਲਿੰਗ ਅਧਾਰਤ ਭੇਦਭਾਵ ਨੂੰ ਖਤਮ ਕਰਕੇ ਪੂਰਨ ਰੂਪ 'ਚ ਔਰਤ ਮਰਦ ਸਮਾਨਤਾ 'ਤੇ ਅਧਾਰਤ ਸਮਾਜ ਉਸਾਰਨ ਦੀਆਂ ਚੇਤੰਨ ਕੋਸ਼ਿਸ਼ਾਂ ਕੀਤੀਆਂ ਗਈਆਂ। ਕਮਿਊਨਿਸਟਾਂ ਦੀ ਅਗਵਾਈ ਵਾਲ਼ੀ ਰਾਜਸੱਤਾ ਨੇ ਪਹਿਲ-ਪ੍ਰਿਥਮੇ ਔਰਤ ਦੀ ਗੁਲਾਮੀ ਦੇ ਆਰਥਕ ਅਧਾਰ ਨੂੰ ਤੋੜਿਆ। ਉਹਨਾਂ ਨੇ ਔਰਤ ਨੂੰ ਘਰੇਲੂ ਜਿੱਲਣ 'ਚੋਂ ਕੱਢਕੇ ਸਮਾਜਕ ਪੈਦਾਵਾਰ ਦੇ ਖੇਤਰ 'ਚ ਅੱਗੇ ਲਿਆਂਦਾ ਤਾਂ ਜੋ ਉਹਨਾਂ ਦਾ ਸਰਬਪੱਖੀ ਵਿਕਾਸ ਹੋ ਸਕੇ ਤੇ ਉਹਨਾਂ ਨੂੰ ਪੂਰਨ ਰੂਪ 'ਚ ਮਰਦਾਂ ਦੇ ਬਰਾਬਰ ਹੱਕ ਮਿਲ਼ ਸਕਣ। ਹੱਕ ਸਿਰਫ ਸਵਿਧਾਨ ਦੇ ਪੋਥਿਆਂ 'ਚ ਹੀ ਨਹੀਂ, ਜਿਵੇਂ ਕਿ ਸਰਮਾਏਦਾਰਾ ਸਮਾਜ 'ਚ ਹੁੰਦਾ ਹੈ, ਜਿਨ੍ਹਾਂ ਦੇ ਕਨੂੰਨੀ ਪੋਥੇ ਔਰਤਾਂ ਨੂੰ ਸਿਰਫ ਜ਼ੁਬਾਨੀ-ਕਲਾਮੀ ਹੀ ਮਰਦ ਦੀ ਬਰਾਬਰੀ ਦੇ ਹੱਕ ਦਿੰਦੇ ਹਨ, ਸਗੋਂ ਹਕੀਕੀ ਰੂਪ 'ਚ ਮਾਨਣ ਯੋਗ ਹੱਕ। **ਸਮਾਜਵਾਦੀ ਸਮਾਜ ਨੇ ਸਮੁੱਚੀ ਕਿਰਤੀ ਵਸੋਂ ਨੂੰ ਪੂਰਨ ਰੁਜ਼ਗਾਰ ਮੁੱਹਈਆ ਕਰਕੇ ਸਮੁੱਚੀ ਔਰਤ ਵਸੋਂ ਨੂੰ ਰੁਜ਼ਗਾਰ ਦੇ ਕੇ ਸਮਾਜਕ ਕਿਰਤ 'ਚ ਬਰਾਬਰ ਦੇ ਹਿੱਸੇਦਾਰ ਬਣਾਇਆ। ਔਰਤਾਂ ਦੀ ਬੇਰੁਜ਼ਗਾਰੀ ਤਾਂ ਦੂਰ ਦੀ ਗੱਲ ਸੀ ਸਗੋਂ ਔਰਤਾਂ ਦੀ ਸਮਾਜਕ ਕਿਰਤ 'ਚ ਸ਼ਮੂਲੀਅਤ ਯਕੀਨੀ ਬਣਾਉਣ ਲਈ ਹਰ ਪਿਛਾਂਹਖਿੱਚੂ ਰੀਤੀ-ਰਿਵਾਜਾਂ, ਕਦਰ ਕੀਮਤਾਂ ਤੇ ਸੋਚਾਂ ਖਿਲਾਫ ਮੁਹਿੰਮਾਂ ਬਣਾ ਕੇ ਸੰਘਰਸ਼ ਕੀਤਾ ਗਿਆ। ਉੱਥੇ ਕੋਈ ਵੀ ਔਰਤ ਨੂੰ ਘਰ 'ਚ ਰਹਿਣ ਲਈ ਮਜ਼ਬੂਰ ਨਹੀਂ ਕਰ ਸਕਦਾ ਸੀ ਤੇ ਨਾ ਹੀ ਔਰਤਾਂ ਨੂੰ ਸਮਾਜਕ ਕੰਮਾਂ 'ਚ ਸ਼ਾਮਲ ਹੋਣ ਤੋਂ ਰੋਕ ਸਕਦਾ ਸੀ। ਇਸ ਤਰ੍ਹਾਂ ਔਰਤਾਂ ਦੀ ਮੁਕਤੀ ਲਈ ਸਭ ਤੋਂ ਵੱਧ ਮਹਤੱਵਪੂਰਨ ਰੂਪ 'ਚ ਲੋੜੀਂਦੀ ਆਰਥਕ ਬੁਨਿਆਦ ਕਾਇਮ ਕੀਤੀ।**

ਕਮਿਊਨਿਸਟਾਂ ਦੀ ਅਗਵਾਈ ਵਾਲ਼ੀ ਰਾਜਸੱਤਾ ਨੇ ਨਾ ਸਿਰਫ ਔਰਤਾਂ ਦੀ ਗੁਲਾਮੀ ਦੇ ਆਰਥਕ ਅਧਾਰ ਨੂੰ ਖਤਮ ਕੀਤਾ ਸਗੋਂ ਇਸ ਆਰਥਕ ਅਧਾਰ ਨੂੰ ਵਾਜਬੀਅਤ ਪ੍ਰਦਾਨ ਕਰਦੀ ਔਰਤ ਵਿਰੋਧੀ ਵਿਚਾਰਧਾਰਾ ਨੂੰ ਤੋੜ ਕੇ ਇੱਕ ਨਵੀਂ ਵਿਚਾਰਧਾਰਾ, ਔਰਤ ਦੀ ਮੁਕਤੀ ਦੀ ਵਿਚਾਰਧਾਰਾ ਨੂੰ ਪ੍ਰਚਾਰਿਆ। ਉਹਨਾਂ ਨੇ ਪ੍ਰਚਾਰਿਆ ਕਿ ਜਦ ਤੱਕ ਔਰਤਾਂ ਲਈ ਸਮਾਜ 'ਚ ਪੂਰਨ ਸਮਾਨਤਾ ਨਹੀਂ ਲਿਆਈ ਜਾਂਦੀ ਤੱਦ ਤੱਕ ਕੋਈ ਸਮਾਜ ਤਰੱਕੀ ਦੇ ਸਿਖਰ ਤੱਕ


www.punjabilibrary.com

ਨਹੀਂ ਪਹੁੰਚ ਸਕਦਾ। ਤੇ ਅਜਿਹਾ ਤਦ ਤੱਕ ਨਹੀਂ ਹੋ ਸਕਦਾ ਜਦ ਤੱਕ ਔਰਤਾਂ ਘਰ ਦੇ ਕੰਮ-ਕਾਰਾਂ 'ਚ ਰੁੱਝੀਆਂ ਰਹਿੰਦੀਆਂ ਹਨ, ਤਦ ਤੱਕ ਉਹਨਾਂ ਦੀ ਹੈਸੀਅਤ ਰੋਕਾਂ ਤੇ ਬੰਦਿਸ਼ਾਂ ਅਧੀਨ ਹੀ ਰਹੇਗੀ। ਇਸਤਰੀਆਂ ਦੀ ਬੰਦਖਲਾਸੀ ਲਈ ਤੇ ਉਹਨਾਂ ਨੂੰ ਸੱਚੀ-ਮੁੱਚੀ ਮਰਦਾਂ ਦੇ ਬਰਾਬਰ ਲਿਆਉਣ ਘਰੇਲੂ ਕਿਰਤ ਦਾ ਸਮਾਜੀਕਰਨ ਕਰਕੇ ਇੱਕ ਸੇਵਾ ਪ੍ਰਬੰਧ ਚਾਲੂ ਕਰਨਾ ਚਾਹੀਦਾ ਹੈ (ਯਾਨਿਕਿ ਔਰਤਾਂ ਦੀ ਘਰੇਲੂ ਕੰਮ ਤੋਂ ਮੁਕਤੀ ਕਰਵਾਉਣ ਲਈ ਨਮੂਨੇ ਦੀਆਂ ਸੰਸਥਾਵਾਂ ਜਿਵੇਂ ਸਾਂਝੇ ਭੋਜਨਘਰ, ਬਾਲਘਰ ਤੇ ਲਾਂਡਰੀ ਪਲਾਂਟ ਵਗੈਰਾ) ਤੇ ਔਰਤਾਂ ਨੂੰ ਪੈਦਾਵਾਰੀ ਕਿਰਤ 'ਚ ਲਿਆਉਣਾ ਚਾਹੀਦਾ ਹੈ... ਉਹਨਾਂ ਸਿਰਫ ਪ੍ਰਚਾਰਿਆ ਹੀ ਨਹੀਂ, ਸਗੋਂ ਇਸਨੂੰ ਅਸਲੀ ਜਾਮਾ ਪੁਆਉਣ ਦੀ ਕੋਸ਼ਿਸ਼ਾਂ ਵੀ ਕੀਤੀਆਂ ਗਈਆਂ। ਔਰਤ ਦੇ ਮਾਂ ਬਨਣ ਦੇ ਵਿਸ਼ੇਸ਼ ਗੁਣ ਲਈ ਉਹਨਾਂ ਨੂੰ ਮਾਣ-ਸਨਮਾਨ ਦਿੱਤਾ ਗਿਆ ਤੇ ਸਹੂਲਤਾਂ ਦਿੱਤੀਆਂ ਗਈਆਂ। ਉਦਾਹਰਨ ਲਈ ਮਾਵਾਂ ਦੀ ਸਹੂਲਤਾਂ ਲਈ ਦੁੱਧ ਚੁੰਘਦੇ ਬੱਚਿਆਂ ਨੂੰ ਔਰਤਾਂ ਦੀਆਂ ਕੰਮ ਦੀਆਂ ਥਾਵਾਂ 'ਤੇ ਹੀ ਸੰਭਾਲਣ ਦੇ ਇੰਤਜਾਮ ਕੀਤੇ ਗਏ ਤੇ ਮਾਵਾਂ ਨੂੰ ਦੁੱਧ ਚੁੰਘਾਉਣ ਲਈ ਹਰ ਦੋ ਘੰਟੇ ਬਾਅਦ ਛੁੱਟੀ ਦਾ ਹੱਕ ਦਿੱਤਾ ਗਿਆ। ਇਸ ਦੇ ਨਾਲ਼ ਹੀ ਛੋਟਿਆਂ ਬੱਚਿਆਂ ਨੂੰ ਸੰਭਾਲਣ ਲਈ ਵੀ ਨਰਸਰੀਆਂ ਤੇ ਕਿੰਡਰਗਾਰਡਨਾਂ ਦਾ ਇੰਤਜਾਮ ਕੀਤਾ ਗਿਆ। ਬੱਚਿਆ ਦੀ ਸਮੁੱਚੀ ਪੜ੍ਹਾਈ-ਲਿਖਾਈ, ਸਕੂਲ 'ਚ ਖਾਣਾ ਤੇ ਸਿਹਤ ਸੰਭਾਲ਼ ਦੀ ਪੂਰੀ ਜ਼ੁੰਮੇਵਾਰੀ ਰਾਜ-ਪ੍ਰਬੰਧ ਤੇ ਸਮਾਜ ਉਠਾਉਂਦਾ ਸੀ।

**ਸੋ ਇਹ ਸੀ ਸਮਾਜਵਾਦੀ ਸਮਾਜ ਤੇ ਉਸਦੀ ਵਿਚਾਰਧਾਰਾ ਜਿੱਥੇ ਔਰਤਾਂ ਵੀ ਮਰਦਾਂ ਵਾਂਗ ਬਰਾਬਰ ਸਮਾਜਕ ਪੈਦਾਵਾਰ 'ਚ ਹਿੱਸਾ ਲੈਂਦੀਆਂ ਸਨ ਤੇ ਉਹਨਾਂ ਵਾਂਗ ਹੀ ਸਭ ਹੱਕ ਮਾਣਦੀਆਂ ਹਨ। ਉਹ ਨਾ ਸਿਰਫ ਬਰਾਬਰ ਦੀਆਂ ਕਮਾਊ ਸਨ ਬਲਕਿ ਉਹਨਾਂ ਵੱਲੋਂ ਕੀਤੀ ਜਾਂਦੀ ਸਮਾਜਕ ਤੌਰ 'ਤੇ ਜ਼ਰੂਰੀ ਕਿਰਤ, ਬੱਚੇ ਪੈਦਾ ਕਰਨ ਤੇ ਪਾਲਣ ਪੋਸ਼ਣ, ਲਈ ਪੂਰੀਆਂ ਸਹੂਲਤਾਂ ਤੇ ਮਾਣ-ਸਤਿਕਾਰ ਮਿਲ਼ਦਾ ਸੀ ਤੇ ਘਰ ਦੇ ਬਾਕੀ ਕੰਮਾਂ ਕਾਰਾਂ ਤੋਂ ਮੁਕਤ ਕਰਵਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਸਨ।**

ਹੁਣ ਅਸੀਂ ਇੱਕ ਉਦਾਹਰਨ ਨਾਲ਼ ਇਸ ਗੱਲ ਨੂੰ ਵੱਧ ਸਮਝਣ ਦੀ ਕੋਸ਼ਿਸ਼ ਕਰਾਂਗੇ ਕਿ ਕਿਵੇਂ ਰਾਜਸੱਤਾ ਤੇ ਸਮਾਜ ਦੇ ਆਰਥਕ ਅਧਾਰ ਦੇ ਬਦਲਣ ਨਾਲ਼ ਲੋਕਾਂ ਦੀ ਜ਼ਿੰਦਗੀ ਤੇ ਸੋਚ ਬਦਲਦੀ ਹੈ ਤੇ ਇਸ ਨੇ ਔਰਤਾਂ ਦੀ ਜ਼ਿੰਦਗੀ ਨੂੰ ਕਿਵੇਂ ਪ੍ਰਭਾਵਿਤ ਕੀਤਾ। ਰੂਸ ਤੇ ਚੀਨ 'ਚ ਇੱਕ ਵਾਰ ਫਿਰ ਸੱਤਾ ਬਦਲਕੇ ਸਰਮਾਏਦਾਰੀ ਦਾ ਹੱਥਾਂ 'ਚ ਚਲੀ ਗਈ ਹੈ। ਉੱਥੇ ਜਿਣਸੀ ਪੈਦਾਵਾਰ ਦਾ ਅਮਲ ਵਧ ਫੁੱਲ ਰਿਹਾ ਹੈ, ਮੁਨਾਫੇ ਦਾ ਦੌਰ ਮੁੜ ਆਇਆ ਹੈ ਤੇ ਕਿਰਤ ਨੂੰ ਮੁਨਾਫੇ ਨਾਲ਼ ਅੰਗਿਆ ਜਾਣ ਲੱਗਾ ਹੈ। ਬੇਰੁਜ਼ਗਾਰੀ ਜੋ ਉੱਥੇ ਕਿਤੇ ਨਹੀਂ ਸੀ ਮੁੜ ਪੈਦਾ ਹੋ ਚੁੱਕੀ ਹੈ ਤੇ ਲਗਾਤਾਰ ਵਧ ਰਹੀ ਹੈ। ਮੁਨਾਫੇ ਦੇ ਨਿਜ਼ਾਮ ਨੂੰ ਚਲਾਉਣ ਲਈ ਉਹ ਇੱਕ ਵਾਰ ਫਿਰ ਔਰਤਾਂ ਨੂੰ ਸਮਾਜਕ ਪੈਦਾਵਾਰੀ ਅਮਲ ਨਾਲ਼ੋਂ ਤੋੜਕੇ ਘਰੇਲੂ ਗੁਲਾਮੀ ਵੱਲ਼ ਧੱਕ ਰਹੇ ਹਨ। ਭਾਵੇਂ ਕਿ ਉਹ ਵੀ ਹੋਰਨਾਂ ਸਰਮਾਏਦਾਰਾਂ ਸਮਾਜਾਂ ਵਾਂਗ ਔਰਤ ਨੂੰ ਅਪਣੀਆਂ ਲੋੜਾਂ


www.punjabilibrary.com

ਮੁਤਾਬਕ ਇੱਕ ਸੀਮਿਤ ਹੱਦ ਤੱਕ ਸਮਾਜਕ ਪੈਦਾਵਾਰੀ ਅਮਲ 'ਚ ਰੱਖਣਗੇ, ਪਰ ਨਾਲ਼ ਹੀ ਪਹਿਲਾਂ ਵਾਲ਼ੇ ਆਮ ਸੇਵਾ ਪ੍ਰਬੰਧ ਨੂੰ ਖਤਮ ਕਰਕੇ ਤੇ ਘਰੇਲੂ ਕੰਮਾਂ ਦਾ ਉਹਨਾਂ 'ਤੇ ਬੋਝ ਵਧਾ ਕੇ ਔਰਤ ਦੀ ਗੁਲਾਮੀ ਦੇ ਆਰਥਕ ਅਧਾਰ ਨੂੰ ਤਿਆਰ ਕੀਤਾ ਜਾ ਰਿਹਾ ਹੈ। ਤੇ ਇੰਝ ਜਦੋਂ ਤੱਕ ਔਰਤ ਕੋਲ਼ੋਂ ਆਰਥਕ ਸਮਾਨਤਾ ਖੁੱਸੇਗੀ ਤਾਂ ਲਾਜ਼ਮੀ ਹੀ ਸਮਾਜਕ ਸਮਾਨਤਾ ਵੀ ਖੁੱਸੇਗੀ ਤੇ ਉਹਨਾਂ ਦਾ ਮਾਣ- ਸਨਮਾਨ ਵੀ ਘਟੇਗਾ। ਘਰ 'ਚ ਕੀਤੀ ਔਰਤ ਦਾ ਮਿਹਨਤ ਬੇਵੁੱਕਤੀ ਹੋ ਜਾਵੇਗੀ। ਹੁਣ ਫੇਰ ਉੱਥੇ ਪੁਰਸ਼ ਪ੍ਰਧਾਨ ਤੇ ਔਰਤ ਦੀ ਅਧੀਨਗੀ ਦੀ ਸਥਿਤੀ ਵਾਲ਼ਾ ਸਮਾਜ ਹੋਂਦ 'ਚ ਆ ਰਿਹਾ ਹੈ। ਔਰਤ ਨੂੰ ਫੈਸ਼ਨ ਤੇ ਕਾਮ ਦਾ ਪ੍ਰਤੀਕ ਬਣਾ ਕੇ ਔਰਤ ਨੂੰ ਕਾਮ ਸੰਤੁਸ਼ਟੀ ਦੇ ਤੌਰ 'ਤੇ ਉਭਾਰਿਆ ਜਾ ਰਿਹਾ ਹੈ। ਵੇਸ਼ਵਾਗਮਨੀ ਮੁੜ ਸਿਰ ਚੁੱਕ ਰਹੀ ਹੈ। ਇਸ ਸਭ ਦਾ ਨਤੀਜਾ ਜਿੱਥੇ ਇੱਕ ਪਾਸੇ ਔਰਤ ਦੀ ਜਿਸਮਾਨੀ ਲੁੱਟ 'ਚ ਨਿੱਕਲ਼ ਰਿਹਾ ਹੈ ਉੱਥੇ ਇਹ ਔਰਤਾਂ ਖਿਲਾਫ ਜਿਸਮਾਨੀ ਹਿੰਸਾ ਨੂੰ ਵੀ ਵਧਾਏਗਾ। ਬਿਨਾਂ ਡਰ-ਭੈਅ ਦੇ ਬੰਦਸ਼ਾਂ ਤੋਂ ਰਹਿਤ ਸਮਾਜ 'ਚ ਵਿਚਰਨ ਦੀ ਔਰਤ ਦੀ ਅਜ਼ਾਦੀ ਖਤਮ ਹੋ ਰਹੀ ਹੈ।

ਅਪਣੇ ਇਸ ਕੁਕਰਮਾਂ ਨੂੰ ਢਕਣ ਲਈ ਉੱਥੋਂ ਦੇ ਸਰਮਾਏਦਾਰ ਹਾਕਮ ਇਸ ਸੋਚ ਨੂੰ ਪ੍ਰਚਾਰਦੇ ਹਨ ਕਿ ਔਰਤਾਂ ਦੇ ਪੈਦਾਵਾਰੀ ਅਮਲ 'ਚ ਹਿੱਸਾ ਲੈਣ ਨਾਲ਼ ਨੈਤਿਕ ਤੇ ਸੱਭਿਆਚਾਰਕ ਗਿਰਾਵਟ ਆ ਰਹੀ ਹੈ। ਇਸ ਲਈ ਔਰਤਾਂ ਨੂੰ ਪੈਦਾਵਾਰੀ ਅਮਲ ਨਾਲ਼ੋਂ ਟੁੱਟ ਕੇ ਘਰੇਲੂ 'ਫਰੰਟ' 'ਤੇ ਅਪਣੀ ਮੁੱਖ ਜ਼ੁੰਮੇਵਾਰੀ ਸਾਂਭਣੀ ਚਾਹੀਦੀ ਹੈ। ਜਦੋਂ ਕਿ ਹਕੀਕਤ ਇਹ ਹੈ ਕਿ ਸਰਮਾਏਦਾਰੀ ਸਮਾਜਾਂ 'ਚ ਜੋ ਨੈਤਿਕ ਤੇ ਸੱਭਿਆਚਾਰਕ ਗਿਰਾਵਟ ਹੁੰਦੀ ਹੈ ਉਸਨੇ ਰੂਸ ਤੇ ਚੀਨ 'ਚ ਸਰਮਾਏਦਾਰੀ ਦੇ ਮੁੜ ਆਉਣ ਨਾਲ਼ ਲਾਜ਼ਮੀ ਹੀ ਆਉਣਾ ਸੀ ਨਾ ਕਿ ਔਰਤਾਂ ਦੇ ਪੈਦਾਵਾਰੀ ਅਮਲ 'ਚ ਹਿੱਸਾ ਲੈਣ ਨਾਲ਼। ਇਹ ਦੰਭ ਤਾਂ ਉੱਥੋਂ ਦੇ ਸਰਮਾਏਦਾਰ ਹਾਕਮ ਅਪਣੇ ਪ੍ਰਬੰਧ ਦੀ ਕਮਜ਼ੋਰੀ ਨੂੰ ਢਕਣ ਲਈ ਕਰ ਰਹੀ ਹੈ, ਕਿਉਂਕਿ ਉੱਥੇ ਵੀ ਇਸ ਪ੍ਰਬੰਧ ਦੇ ਸੰਕਟ ਨੇ ਬੇਰੁਜ਼ਗਾਰੀ ਲਿਆ ਕੇ ਕਿਰਤ ਸ਼ਕਤੀ ਨੂੰ ਵਿਹਲਿਆਂ ਕਰਨਾ ਹੈ ਤੇ ਇਸ ਨੂੰ ਛੁਪਾਉਣ ਲਈ, ਬੇਰੁਜ਼ਗਾਰਾਂ ਦੀ ਫੌਜ ਨੂੰ ਘੱਟ ਕਰਨ ਲਈ ਔਰਤ ਦਾ ਘਰਾਂ ਨੂੰ ਧੱਕਿਆ ਜਾਣਾ ਜ਼ਰੂਰੀ ਹੈ।

## ਸਾਰ ਤੱਤ

ਅੰਤ 'ਚ ਸਾਰ ਤੱਤ ਕੱਢਦੇ ਹੋਏ ਅਸੀਂ ਕਹਿ ਸਕਦੇ ਹਾਂ ਕਿ ਸਮਾਜ ਦੇ ਆਰਥਕ ਅਧਾਰ ਤੇ ਇਸ ਅਨੁਸਾਰ ਉੱਸਰੇ ਸਮਾਜ ਦੀ ਬਣਤਰ ਤੇ ਸੋਚ ਔਰਤ ਦੀ ਹੋਣੀ ਨੂੰ ਨਿਰਧਾਰਿਤ ਕਰਦੇ ਹਨ। ਮੁੱਢਲੇ ਸਮਾਜਾਂ 'ਚ ਨਿੱਜੀ ਜਾਇਦਾਦ ਦੇ ਹੋਂਦ 'ਚ ਆਉਣ ਨਾਲ਼ ਸਮਾਜ ਦੇ ਲੁਟੇਰਿਆਂ ਤੇ ਲੁਟੀਦੀਆਂ ਜਮਾਤਾਂ 'ਚ ਵੰਡੇ ਜਾਣ ਨਾਲ਼ ਔਰਤ ਦੀ ਸਮਾਜ 'ਚ ਗੁਲਾਮੀ ਦਾ ਮੁੱਢ ਬੱਝਾ। ਇਸ ਨੇ ਔਰਤ ਦਾ ਕਿਰਤ ਤੇ ਉਸਦੀ ਜਿਸਮਾਨੀ ਲੁੱਟ ਨੂੰ ਵਧਾਇਆ। ਘਰ ਪਰਿਵਾਰ ਨੂੰ ਚਲਾਉਣ ਦਾ ਬੋਝ ਨਾ ਸਿਰਫ ਔਰਤ ਦੇ ਮੋਢਿਆਂ 'ਤੇ ਆਣ ਪਿਆ ਸਗੋਂ ਇਸ 'ਚ ਉਸ ਵੱਲੋਂ ਲਾਈ ਜਾਂਦੀ ਬੇਥਾਹ ਕਿਰਤ ਸ਼ਕਤੀ ਸਮਾਜ 'ਚ ਬੇਵੁੱਕਤੀ ਹੋ ਕੇ ਰਹਿ ਗਈ। ਪੁਰਸ਼


www.punjabilibrary.com

ਪ੍ਰਧਾਨਤਾ ਇਹਨਾਂ ਸਮਾਜਾਂ ਦਾ ਅਟੁੱਟ ਅੰਗ ਬਣ ਗਈ। ਘਰ ਪਰਿਵਾਰ ਤੇ ਸਮਾਜ 'ਚ ਹਰ ਤਰ੍ਹਾਂ ਦੇ ਹੱਕਾਂ ਤੋਂ ਵਿਰਵੀ ਔਰਤ ਦੂਸਰੇ ਦਰਜੇ ਦੇ ਨਾਗਰਿਕਾਂ ਵਾਲ਼ੀ ਹੈਸੀਅਤ 'ਚ ਸੁੱਟ ਦਿੱਤੀ ਗਈ। ਅਜੋਕੇ ਸਰਮਾਏਦਾਰਾ ਸਮਾਜ ਕਿਰਤ ਦੀ ਲੁੱਟ ਨਿੱਜੀ ਜਾਇਦਾਦ, ਮੁਨਾਫ਼ੇ ਤੇ ਮੰਡੀ ਦੀਆਂ ਲੋੜਾਂ ਤੇ ਜਮਾਤੀ ਦਾਬੇ 'ਤੇ ਅਧਾਰਤ ਹੋਣ ਕਰਕੇ ਔਰਤ ਦੀ ਗੁਲਾਮੀ ਨੂੰ ਪੂਰਨ ਰੂਪ 'ਚ ਖਤਮ ਕਰਨ ਤੋਂ ਅਸਮਰੱਥ ਹਨ। ਇਹ ਪ੍ਰਬੰਧ ਸਮੁੱਚੀ ਔਰਤ ਵਸੋਂ ਨੂੰ ਸਮਾਜਕ ਪੈਦਾਵਾਰ 'ਚ ਮਰਦਾਂ ਦੇ ਬਰਾਬਰ ਰੁਜ਼ਗਾਰ ਦੇਣ ਤੋਂ ਅਸਮਰੱਥ ਹਨ ਤੇ ਔਰਤਾਂ ਦੇ ਵੱਡੇ ਹਿੱਸੇ ਨੂੰ ਸਿੱਧੇ ਹੀ ਘਰ ਦੀ ਚਾਰਦਿਵਾਰੀ 'ਚ ਕੈਦ ਕਰਨ ਦਾ ਕਾਰਨ ਬਣਦੇ ਹਨ। ਇਹ ਸਮਾਜ ਨਾ ਕੇਵਲ ਘਰ ਦੇ ਸਾਰੇ ਕੰਮ ਮੁੱਖ ਰੂਪ 'ਚ ਔਰਤਾਂ 'ਤੇ ਸੁੱਟਦੇ ਹਨ ਬਲਕਿ ਉਹਨਾਂ ਵੱਲੋਂ ਘਰਾਂ 'ਚ ਕੀਤੀ ਜਾਂਦੀ ਮਿਹਨਤ ਦੀ ਕੋਈ ਕਦਰ ਨਹੀਂ ਪਾਉਂਦੇ। ਪੁਰਸ਼ ਪ੍ਰਧਾਨਤਾ ਤੇ ਭੇਦਭਾਵ ਨੂੰ ਪੂਰਨ ਰੂਪ 'ਚ ਖਤਮ ਕਰਨ ਦੀ ਨਾ ਤਾਂ ਇਹਨਾਂ ਸਮਾਜਾਂ ਦੀ ਸੋਚ ਹੈ ਤੇ ਨਾ ਹੀ ਇਹ ਅਪਣੇ ਖਾਸੇ ਮੁਤਾਬਕ ਇਹ ਕਰ ਸਕਦੇ ਹਨ। ਔਰਤ ਨੂੰ ਦੂਸਰੇ ਦਰਜੇ ਦੇ ਨਾਗਰਿਕ ਦੀ ਹੈਸੀਅਤ 'ਚੋਂ ਕਢੱਣ ਲਈ,ਔਰਤ ਮਰਦ ਦੀ ਪੂਰਨ ਸਮਾਨਤਾ ਲਈ, ਔਰਤ ਦੀ ਮੁਕੰਮਲ ਮੁਕਤੀ ਲਈ ਇਹ ਜ਼ਰੂਰੀ ਹੈ ਕਿ ਅਜਿਹਾ ਸਮਾਜ ਸਿਰਜਿਆ ਜਾਵੇ ਜਿੱਥੇ ਸਾਰੀਆਂ ਔਰਤਾਂ ਨੂੰ ਮਰਦਾਂ ਦੇ ਬਰਾਬਰ ਸਮਾਜਕ ਪੈਦਾਵਾਰੀ ਅਮਲ 'ਚ ਸਥਾਨ ਮਿਲ਼ੇ। ਘਰੇਲੂ ਕੰਮਾਂ ਦੀ ਜਿਲ੍ਹਣ 'ਚੋਂ ਔਰਤਾਂ ਨੂੰ ਕੱਢਣ ਲਈ ਵੱਧ ਤੋਂ ਵੱਧ ਹੱਦ ਤੱਕ ਘਰੇਲੂ ਕੰਮਾਂ ਦਾ ਸਮਾਜੀਕਰਨ ਕੀਤਾ ਜਾਵੇ। ਬੱਚੇ ਪੈਦਾ ਕਰਨ ਤੇ ਮਸੂਮਾਂ ਨੂੰ ਪਾਲਣਾ ਵਰਗੇ ਕੁਦਰਤੀ ਤੌਰ 'ਤੇ ਹੀ ਔਰਤ ਦੇ ਜ਼ਿੰਮੇ ਆਉਣ ਵਾਲ਼ੇ ਸਮਾਜ ਲਈ ਅਤਿ ਜ਼ਰੂਰੀ ਕੰਮਾਂ ਲਈ ਔਰਤਾਂ ਨੂੰ ਪੂਰਾ ਸਨਮਾਨ ਤੇ ਸਹੂਲਤਾਂ ਮਿਲਣ। ਔਰਤਾਂ ਦੀ ਮੁਕਤੀ ਲਈ ਲਾਜ਼ਮੀ ਇਹਨਾਂ ਕਾਰਜਾਂ ਨੂੰ ਸਿਰੇ ਚਾੜਨ ਲਈ ਤੇ ਸਦੀਆਂ ਤੋਂ ਚੱਲੀ ਆ ਰਹੀ ਔਰਤ ਵਿਰੋਧੀ ਮਾਨਸਿਕਤਾ ਤੇ ਸੋਚ ਨੂੰ ਬਦਲਣ ਲਈ ਲਗਾਤਾਰ ਤੇ ਯੋਜਨਾਬੱਧ ਢੰਗ ਨਾਲ ਜਮਹੂਰੀ, ਔਰਤ ਮਰਦ ਸਮਾਨਤਾ, ਹਰ ਤਰ੍ਹਾਂ ਦੇ ਲੁੱਟ ਤੇ ਦਾਬੇ ਨੂੰ ਖਤਮ ਕਰਨ ਦੀ ਸੋਚ ਤੇ ਅਧਾਰਤ ਕਦਰਾਂ-ਕੀਮਤਾਂ ਤੇ ਪ੍ਰੰਪਰਾਵਾਂ ਨੂੰ ਸਥਾਪਤ ਕਰਨ ਲਈ ਸੰਘਰਸ਼ ਕੀਤਾ ਜਾਵੇ। ਇਸ ਤਰ੍ਹਾਂ ਦੇ ਸਮਾਜ ਨੂੰ ਸਿਰਜਣ ਵੱਲ ਸੇਧਤ ਹੋਣਾ ਹੀ ਅੱਜ ਦੀ ਨਾਰੀ ਮੁਕਤੀ ਲਹਿਰ ਨੂੰ ਔਰਤ ਦੀ ਪੂਰਨ ਮੁਕਤੀ ਵੱਲ ਲਿਜਾ ਸਕਦਾ ਹੈ। ਇਸ ਦਿਸ਼ਾ ਵੱਲ ਅੱਗੇ ਵਧਦੇ ਹੋਏ ਹੀ ਸਾਡੇ ਫੌਰੀ ਕਾਰਜਾਂ ਦੀਆਂ ਛੋਟੀਆਂ ਵੱਡੀਆਂ ਲੜਾਈਆਂ ਨੂੰ ਔਰਤ ਦੀ ਪੂਰਨ ਮੁਕਤੀ ਦੀ ਲਹਿਰ ਦਾ ਹਿੱਸਾ ਬਣਾਇਆ ਜਾ ਸਕਦਾ ਹੈ।


www.punjabilibrary.com

**'ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ'** ਇੱਕ ਗੈਰ ਵਪਾਰਕ ਅਦਾਰਾ ਹੈ। ਇਹ ਪ੍ਰਕਾਸ਼ਨ ਮੁਨਾਫ਼ੇ ਲਈ ਨਹੀਂ, ਸਗੋਂ ਸਮਾਜ ਵਿੱਚ ਚੇਤਨਾ ਦੇ ਪਸਾਰੇ ਲਈ ਕਿਤਾਬਾਂ ਛਾਪਦਾ ਹੈ। ਇਹ ਪ੍ਰਕਾਸ਼ਨ ਸਰਕਾਰ, ਸਾਮਰਾਜੀ ਫੰਡਿੰਗ ਏਜੰਸੀਆਂ, ਪ੍ਰਸ਼ਾਸਨ, ਸਰਮਾਏਦਾਰ ਘਰਾਣਿਆਂ, ਸੰਸਦੀ ਸਿਆਸੀ ਪਾਰਟੀਆਂ ਜਾਂ ਕਿਸੇ ਤੋਂ ਕੋਈ ਵੀ ਸ਼ਰਤੀਆ ਵਿੱਤੀ ਮਦਦ ਨਹੀਂ ਲੈਂਦਾ। ਇਹ ਪ੍ਰਕਾਸ਼ਨ ਆਮ ਕਿਰਤੀ ਲੋਕਾਂ, ਵਿਦਿਆਰਥੀਆਂ-ਨੌਜਵਾਨਾਂ, ਲੋਕ-ਪੱਖੀ ਬੁੱਧੀਜੀਵੀਆਂ ਦੇ ਸਹਿਯੋਗ ਨਾਲ਼ ਕਿਤਾਬਾਂ ਛਾਪਦਾ ਹੈ। ਕਿਤਾਬਾਂ ਦੇ ਪ੍ਰਕਾਸ਼ਨ ਅਤੇ ਵੰਡ ਦੇ ਪੂਰੇ ਪ੍ਰਬੰਧ ਵਿੱਚ ਕੋਈ ਵੀ ਤਨਖਾਹਦਾਰ ਮੁਲਾਜ਼ਮ ਨਹੀਂ ਹੈ। ਇਹ ਪੂਰਾ ਪ੍ਰਾਜੈਕਟ ਸਮਾਜਿਕ ਤਬਦੀਲੀ ਲਈ ਸਮਰਪਿਤ ਵਲੰਟੀਅਰਾਂ ਦੇ ਦਮ 'ਤੇ ਅੱਗੇ ਵੱਧ ਰਿਹਾ ਹੈ।


www.punjabilibrary.com

Read more like this at

www.punjabilibrary.com



ਸ਼ਹੀਦ ਭਗਤ ਸਿੰਘ
ਯਾਦਗਾਰੀ ਪ੍ਰਕਾਸ਼ਨ,
ਲੁਧਿਆਣਾ

www.punjabilibrary.com